# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥

JUN 1983

ਜੂਨ ੧੯੮੩



ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਸਮੇਂ .
'ਕੀਰਤਨ ਉਤਸ਼ਾਹਤ-ਪ੍ਰੋਗਰਾਮ' ਅਧੀਨ ਸਨਮਾਨਤ ਕੀਤੇ ਗਏ ਬੱਚੇ

www.AKJ.Org

# ਤਤਕਰਾ


| | | |
|---|---|---|
| ਗੁਰੂ ਅਰਜੁਨੁ ਪਿਖਹੁ ਨਯਣ | ਸਵਈਏ ਮਹਲੇ ਪੰਜਵੇਂ ਕੇ | ੩ |
| ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ (ਕਵਿਤਾ) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੪ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਰਾਜ਼ | — — — | ੫ |
| ਸ੍ਰੀ ਹਰਿਮੰਦਰ ਸਾਹਿਬ | ਪ੍ਰੋਫੈਸਰ ਪੂਰਨ ਸਿੰਘ ਜੀ | ੮ |
| ਗੁਰੂ ਅਰਜਨ ਦੇਵ ਜੀ : ਮੀਆਂ ਮੀਰ ਨੂੰ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੯ |
| ਗੁਰੂ ਨਾਨਕ ਦੇਵ ਜੀ ਦੀ ਕਰਾਮਾਤ | ਖਾਲਸਾ ਸਮਾਚਾਰ | ੧੦ |
| ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੧੧ |
| 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ' | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੩ |
| 'ਕੋਊ ਬੁਤਾਨ ਕੋ ਪੂਜਤ ਹੈ ਪਸੁ' | ਸ: ਅਮਰਜੀਤ ਸਿੰਘ ਜੀ | ੧੫ |
| ਸਿਖਾਂ ਨੂੰ ਵੀ ਆਜ਼ਾਦੀ ਮਾਨਣ ਦਾ ਅਹਿਸਾਸ ਕਰਾਓ | — — — | ੧੬ |
| ਭਾਈ ਸਾਹਿਬ ਭਾਈ ਰਣਧੀਰ ਸਿੰਘ ਪਾਠ-ਉਤਸ਼ਾਹਤ ਸਕੀਮ | ਜਥੇਦਾਰ ਅਖੰਡ ਕੀਰਤਨੀ ਜਥਾ | ੧੮ |
| ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦਾ ਸੰਵਾਲ | ਸਿਖ ਬੁਧੀਜੀਵੀ | ੧੯ |
| ਸਿਖ ਇਤਿਹਾਸ ਦੇ ਡਰਾਮੇ ਜਾਂ ਫ਼ਿਲਮਾਂ ? | ਡਾਕਟਰ ਕੁੰਦਨ ਸਿੰਘ ਜੀ | ੨੨ |
| 'ਗਿਆਨੀ ਕੈਸਾ ਹੋਇ' ? | ਸੰਗ੍ਰਹਿ—ਕਾਕਾ ਓਅੰਕਾਰ ਬਖਸ਼ ਸਿੰਘ ਜੀ | ੨੫ |
| ਅਖੰਡਪਾਠ ਅਤੇ ਰਹਿਤ ਮਰਯਾਦਾ | ਗਿਆਨੀ ਹਰਬੰਸ ਸਿੰਘ ਜੀ ਤੇਗ | ੨੬ |
| ਨੰਗੇ ਸਿਰ ਵਾਲਾ——ਤਨਖ਼ਾਹੀਆ | ਸ: ਹਰਬੰਸ ਸਿੰਘ ਜੀ ਲਾਇਲਪੁਰੀ | ੨੮ |
| ਸਹਿਜ ਯੋਗ ਕੀ ਹੈ ? | ਡਾ: ਗੋਬਿੰਦ ਸਿੰਘ ਜੀ ਮਨਸੁਖਾਨੀ | ੩੦ |
| ਪੰਥਕ ਸਮਾਚਾਰ | ਅਖਬਾਰਾਂ ਦੀ ਜ਼ਬਾਨੀ | ੩੧ |
| ਸੱਚ ਦੇ ਪੁਜਾਰੀ——ਪੰਚਮ ਪਿਤਾ ਜੀ (ਕਵਿਤਾ) | ਸ: ਧਰਮ ਸਿੰਘ ਜੀ | ੩੪ |
| ਅਕਾਲੀ ਮੋਰਚੇ ਨੂੰ ਵਿਸ਼ਵ-ਪ੍ਰਸਿਧੀ ਹੋਈ | ਸ: ਗੁਰਬਖਸ਼ ਸਿੰਘ ਜੀ | ੩੫ |
| 'ਕਉ ਨ ਵਡਾ ਮਾਇਆ ਵਡਿਆਈ' | ਬੀਬੀ ਅਵਿੰਦਰ ਕੌਰ ਜੀ | ੩੭ |
| 'ਗੁਰੁ ਕਹੈ ਸੁ ਕਾਰ ਕਮਾਇ ਜੀਉ' | ਸ: ਚੰਚਲ ਸਿੰਘ ਜੀ | ੩੮ |
| ਧਰਤੀ ਅਮਰ ਸ਼ਹੀਦਾਂ ਦੀ (ਕਵਿਤਾ) | ਗਿਆਨੀ ਗੋਪਾਲ ਸਿੰਘ ਜੀ ਮਿਤਰ | ੪੦ |


| | |
|---|---|
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ਮਿਲੀ | ੪ ਜੂਨ |
| ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾਏ | ੧੪ ਜੂਨ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ਧਾਰਿਆ | ੨੧ ਜੂਨ |

## ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਬਾਰੇ

'ਸੂਰਾ' ਮਾਸਕ ਪੱਤਰ ਦਾ ਚੰਦਾ ਵਧਣ ਦੇ ਨਾਲ ਪੁਰਾਣੇ ਸੌ ਸੌ ਰੁਪਏ ਵਾਲੇ ਅਮਾਨਤੀ ਲਾਈਫ ਮੈਂਬਰਾਂ ਪਾਸੋਂ ਵਧੇ ਚੰਦੇ ਨੂੰ ਪੂਰਾ ਕਰਨ ਵਾਸਤੇ ਪੰਜਾਹ ਪੰਜਾਹ ਰੁਪਏ ਹੋਰ ਮੰਗੇ ਗਏ ਸਨ। ਮਈ ਵਿਚ ਆਖਰੀ ਕਾਰਡ ਭੇਜਿਆ ਗਿਆ ਸੀ ਕਿ ਇਸ ਮਹੀਨੇ ਦੇ ਅਖ਼ੀਰ ਤਕ ਵੀ ਜਿਨ੍ਹਾਂ ਮੈਂਬਰਾਂ ਵਲੋਂ ਕੋਈ ਉਤਰ ਨਾ ਆਵੇਗਾ, ਉਨ੍ਹਾਂ ਦੀ ਇਸ ਗੱਲ ਵਿਚ ਰਜ਼ਾਮੰਦੀ ਸਮਝੀ ਜਾਵੇਗੀ ਕਿ ਉਨ੍ਹਾਂ ਦੀ ਰਕਮ ਅਮਾਨਤੀ ਲਾਈਫ ਮੈਂਬਰੀ ਤੋਂ ਕਢ ਕੇ ਚੰਦੇ ਦੇ ਤੌਰ ਤੇ ਜਮ੍ਹਾ ਕਰ ਦਿਤੀ ਜਾਵੇ। ੬ ਸਾਲ ਵਿਚ ਚੰਦੇ ਦੇ ਤੌਰ ਤੇ ਪਰਚਾ ਭੇਜ ਕੇ ਉਨ੍ਹਾਂ ਦੀ ਰਕਮ ਪੂਰੀ ਹੋ ਜਾਵੇਗੀ।

ਸੋ ਜਿਨ੍ਹਾਂ ਕੁਝ ਸਜਣਾਂ ਵਲੋਂ ਅਜੇ ਤਕ ਪੰਜਾਹ ਪੰਜਾਹ ਰੁਪਏ ਨਹੀਂ ਪੁਜੇ, ਉਨ੍ਹਾਂ ਨੂੰ ਜੂਨ ਦੇ ਨਾਲ ਅਪ੍ਰੈਲ ਮਈ ਦੇ ਪਰਚੇ ਭੇਜ ਕੇ, ਉਨ੍ਹਾਂ ਦੀ ਰਕਮ ਅਮਾਨਤੀ ਲਾਈਫ ਮੈਂਬਰੀ ਤੋਂ ਕਢ ਕੇ ਚੰਦੇ ਵਿਚ ਜਮ੍ਹਾ ਕੀਤੀ ਜਾ ਰਹੀ ਹੈ।


ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੬.੮੩ ਨੂੰ ਪ੍ਰਕਾਸ਼ਕ ਕੀਤਾ।

**ਟੈਲੀਫ਼ੋਨ ਨਬਰ :** 51847 **ਘਰ** 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ, | ੧-੨੫ |
| **ਪਰਦੇਸ** | |
| ਸਮੁੰਦਰੀ ਡਾਕ | ੩੦-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੪੫-੦੦ |
| ਯੂ. ਕੇ., ਅਫ਼ਰੀਕਾ | ੬੦-੦੦ |
| ਕੈਨੇਡਾ, ਅਮਰੀਕਾ | ੭੦-੦੦ |
| **ਅਮਾਨਤੀ ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੦੦-੦੦ |
| **ਹਵਾਈ ਡਾਕ** | |
| ਯੂ. ਕੇ., ਅਫਰੀਕਾ | ੬੫੦-੦੦ |
| ਕੈਨੇਡਾ, ਅਮਰੀਕਾ | ੭੫੦-੦੦ |
| ਅਰਬ ਮਲਾਇਆ | ੫੦੦-੦੦ |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੭ ਜੂਨ ੧੯੮੩ ਅੰਕ ੬


## ਗੁਰੁ ਅਰਜੁਨੁ ਪਿਖਹੁ ਨਯਣ

ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕ ਕਹਾਯਉ ॥
ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ, ਗੁਰ ਰਾਮਹਿ ਦੀਅਉ ॥
*ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥
†ਮੂਰਤਿ ਪੰਚ ਪ੍ਰਮਾਣੁ ਪੁਰਖੁ, ਗੁਰੁ ਅਰਜੁਨੁ ਪਿਖਹੁ ਨਯਣ ॥੧॥

ਸਵਈਏ ਮਹਲੇ ਪੰਜਵੇਂ ਕੇ, ੧੪੦੯

* ਭਟ ਮਥੁਰਾ ਕਹਿੰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਪਰਸ ਕੇ, ਗੁਰੂ ਅਰਜਨ ਦੇਵ ਜੀ ਦੇ ਬਚਨ ਅੰਮ੍ਰਿਤ ਸਮਾਨ ਆਤਮਕ ਜੀਵਨ ਦੇਣ ਵਾਲੇ ਹੋ ਗਏ ਹਨ ।

† ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਅਕਾਲਪੁਰਖ ਦਾ ਰੂਪ ਹਨ. ਉਨ੍ਹਾਂ ਨੂੰ ਅੱਖਾਂ ਨਾਲ (ਧਿਆਨ ਨਾਲ) ਦੇਖੋ । ਗੁਰ-ਹੁਕਮ ਹੈ—ਨਾਨਕ ਸੇ ਅਖੜੀਆ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥ (੧੧੦੦)

www.AKJ.Org

ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥

ਸਵਈਏ ਮਹਲੇ ਪੰਜਵੇਂ ਕੇ, ੧੪੦੯

# ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਮੀਆਂ ਮੀਰ, ਫਕੀਰੁ ਗੁਰ ਸਿਦਕ ਪ੍ਰੇਮੀ,
ਡਿਠਾ ਮੁਅਜਜ਼ਾ ਵਡ ਮੋਅਜਜ਼ੋਲਿਆ ਦਾ।

ਹੱਥ ਜੋੜ ਕੇ ਪੁਛਿਆ ਗੁਰਾਂ ਪਾਸੋਂ, ਸੁਖਨ ਗੁਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ ਗੁਰ, ਪੀਰ ! ਵਲੀ ਅਉਲੀਆਇ ਪੂਰੇ, ਕ੍ਰਿਸ਼ਮ ਕਸ਼ੱਫੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤਸੀਹੜੇ ਕਾਹਿ ਝਲੋ, ਗਾਰਤ ਕਰੋ ਇਹ ਟਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡ ਪਰਤਾਪੁ ਤੇਰੇ ਕਲਾਮੋਲਿਆਂ ਦਾ।੨੨੧।

ਕਲਮੇਂ ਤੇਰੇ ਦੀ ਕੀ ਬਾਤਿ ਆਖਾਂ, ਬਲੁ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ-ਬਲੀਏ, ਮੈਂ ਭੀ ਨਦਰ ਪਾਤ੍ਰ ਜਨਾਬੋਲਿਆਂ ਦਾ।
ਕਰੋ ਹੁਕਮ ਗ਼ੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ।੨੨੨।

ਭਾਂਡਾ ਭੰਨਣਾ ਸੀਸ ਦਿਲੀਸੀਆਂ ਦੇ, ਭਾਣਾ ਮੰਨਿ ਰਜ਼ਾਇ ਰਜ਼ੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪੀਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕੁਫ਼ਰ ਅਜ਼ਮਤ, ਭਾਣਾ ਅਤਿ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀ, ਭਾਣਾ ਅਤਿ ਅਮੋਲ ਖਸਮੋਲਿਆਂ ਦਾ।੨੨੩।

ਵੱਡੀ ਲਾਜ ਕੁਲਛਣੀ ਹਰਿ ਜਨਾਂ ਨੂੰ, ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂ ਦਾ।
ਸਚ-ਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਰ-ਪਤੋਲਿਆਂ ਦਾ।੨੨੪।

[ਪੁਸਤਕ "ਜੋਤਿ ਵਿਗਾਸ" ਚੋਂ



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਰਾਜ਼

੧. ਰਹਿੰਦੇ ਗੁਰ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ॥
੨. ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ॥
੩. ਸਬਦ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ॥
੪. ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ ਰੈਣਿ ਵਿਹਾਣੀ॥
੫. ਗੁਰ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ॥
੬. ਗੁਰਮੁਖਿ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ॥
੭. ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥ [ਵਾਰ ੨੪]

ਸ਼ਾਂਤਿ-ਚਿਤ ਮੂਰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਰਮ ਅਨਿੰਨ ਸੇਵਕ, ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਉਪਰਲੇ ਬਚਨ, ਉਨ੍ਹਾਂ ਦੀਆਂ ਰਚਿਤ ਵਾਰਾਂ ਵਿਚ ਦਰਜ ਹਨ। ਸੀਤਲਤਾ ਦੇ ਪੁੰਜ ਸਤਿਗੁਰੂ ਜੀ ਦੀ ਆਪ ਨੂੰ ਨੇੜਤਾ ਪ੍ਰਾਪਤ ਸੀ। ਸਤਿਗੁਰੂ ਜੀ ਦੇ ਵਰੋਸਾਏ ਹੋਏ ਇਸ ਗੁਰਸਿਖ, ਗੁਰੂ ਕੇ ਲਾਲ ਨੂੰ ਸਤਿਗੁਰੂ ਜੀ ਦੀ ਚਰਨ-ਸ਼ਰਨ ਪ੍ਰਾਪਤ ਸੀ। ਗੁਰੂ-ਬਖ਼ਸ਼ਸ਼ ਪ੍ਰਾਪਤ ਹੋਣ ਦਾ ਸਦਕਾ ਹੀ ਭਾਈ ਸਾਹਿਬ ਜੀ ਦੀ ਦ੍ਰਿਸ਼ਟੀ ਮਹਾਨ ਸੀ। ਗੁਰੂ ਪਾਤਸ਼ਾਹ ਜੀ ਦੀ ਮਹਾਨ ਜੋਤੀ ਦੇ ਦਰਸ਼ਨਾਂ ਦੇ ਜੋ ਸੁੰਦਰ ਤੇ ਅਨੂਪਮ ਝਲਕਾਰੇ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਰੂਪਮਾਨ ਹੋਏ, ਉਨ੍ਹਾਂ ਦੇ ਪਰਤੱਖ ਨਜ਼ਾਰੇ ਭਾਈ ਸਾਹਿਬ ਜੀ ਦੀ ਬਾਣੀ ਵਿਚ ਉਜਾਗਰ ਹਨ।

ਅਸੀਂ ਸਰੀਰਾਂ ਦੀ ਮੋਹ-ਮਮਤਾ ਵਿਚ ਫਾਥੇ ਹੋਏ ਅਤੇ ਦੁਖਾਂ-ਸੁਖਾਂ ਵਿਚ ਉਲਝੇ ਹੋਏ ਪ੍ਰਾਣੀ, ਇਨ੍ਹਾਂ ਮਹਾਨ ਦਰਸ਼ਨਾਂ ਨੂੰ ਕਿਵੇਂ ਅਨੁਭਵ ਕਰ ਸਕਦੇ ਹਾਂ! ਸਾਡੀਆਂ ਸੰਸਾਰਕ ਬਿਰਤੀਆਂ ਤਾਂ ਚੋਰ ਤਖ਼ਤ ਦੇ ਮਾਲਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਕ ਪਾਸੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਖ ਸੰਗਤਾਂ ਦੇ ਦਰਮਿਆਨ ਸੁੰਦਰ ਗਲੀਚਿਆਂ ਤੇ ਬਿਰਾਜਮਾਨ ਵੇਖ ਕੇ ਸੁਖ-ਅਨੰਦ ਦਾ ਅਨੁਭਵ ਕਰਦੀਆਂ ਹਨ, ਪਰ ਦੂਜੇ ਪਾਸੇ ਤਿਮਰ ਅਗਿਆਨ ਕਾਰਨ ਸਾਡੀਆਂ ਚੁੰਧਿਆਈਆਂ ਨਜ਼ਰਾਂ ਜਦੋਂ ਉਸੇ ਪਾਤਸ਼ਾਹ ਨੂੰ ਅੱਗ ਦੇ ਮਚਦੇ ਭਾਂਬੜ ਉਤੇ ਤੱਤੀ ਲੋਹ ਤੇ ਬਿਰਾਜਮਾਨ, ਸੀਸ ਤੇ ਤਤਾ ਰੇਤਾ ਪੈਂਦਾ ਅਤੇ ਉਬਲਦੀ ਦੇਗ ਵਿਚ ਸਰੀਰ ਉਬਲਦਾ ਵੇਖਦੀਆਂ ਹਨ ਤਾਂ ਅਸੀਂ ਇਨ੍ਹਾਂ ਮਹਾਨ ਤਸੀਹਿਆਂ ਅਤੇ ਦੁਖਦਾਈ ਚਿਤਰ ਨੂੰ ਅੱਖਾਂ ਸਾਹਮਣੇ ਲਿਆ ਕੇ ਕੰਬ ਉਠਦੇ ਹਾਂ, ਆਪਣੇ ਦਿਲ ਦੇ ਪਾਤਸ਼ਾਹ ਨੂੰ ਅਜਿਹੇ ਕਸ਼ਟਾਂ ਵਿਚ ਵੇਖ ਕੇ ਸਾਡੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਅਸੀਂ ਉਸ ਬ੍ਰਹਮ ਗਿਆਨੀ ਸਤਿਗੁਰੂ, ਜਿਹੜੇ ਕਿ "ਤਪਤਿ ਮਾਹਿ ਠਾਢਿ ਵਰਤਾਈ" ਦੇ ਕਉਤਕ ਰਚਨਹਾਰੇ ਹਨ, ਦੀ ਮਹਾਨ ਆਤਮਾ, ਉਨ੍ਹਾਂ ਦੀ ਉਚ ਬਿਵਸਥਾ ਅਤੇ ਪ੍ਰਭੂ-ਚਰਨਾਂ ਵਿਚ ਲੀਨ ਹੋਈ ਸੁਰਤ ਦਾ ਅਨੁਮਾਨ ਤਕ ਨਹੀਂ ਲਾ ਸਕਦੇ, ਸਾਡੀਆਂ ਨਜ਼ਰਾਂ ਸਰੀਰਕ ਦੁਖਾਂ-ਸੁਖਾਂ ਤਕ ਹੀ ਸੀਮਤ ਹਨ।

ਪਰ ਅਸਾਂ ਸੰਸਾਰਕ ਬਿਰਤੀਆਂ ਵਾਲਿਆਂ ਤੋਂ ਉਲਟ ਭਾਈ ਗੁਰਦਾਸ ਜੀ ਨੇ, ਸਤਿਗੁਰੂ ਜੀ ਦੀ ਮਹਾਨ ਜੋਤੀ ਦੇ ਜੋ ਸੁੰਦਰ ਦੀਦਾਰ ਦਿਨ ਰਾਤ ਮਾਣੇ ਅਤੇ ਪਰਤੱਖ ਦੇਖੇ ਹਨ, ਉਹ ਹਨ—

—ਪਰਮ ਅਤੀਤੁ ਪਰਮੇਸੁਰ ਕੇ ਰੰਗ ਰੰਗੋ,
ਬਾਸਨਾ ਤੇ ਬਾਹਰਿ, ਪੈ ਦੇਖੀਅਤੁ ਧਾਮ ਸਿਉ ॥੩॥

ਅਤੇ —ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥

ਫਿਰ —ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥੭॥



www.AKJ.Org

ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਇਹ ਪਰਤੱਖ ਦਰਸ਼ਨ ਰਜ ਰਜ ਕੇ ਕੀਤੇ ਕਿ ਕਿਵੇਂ ਉਹ ਗ੍ਰਿਹਸਤ ਵਿਚ ਵਿਚਰਦੇ ਵੇਖੇ ਜਾਂਦੇ ਹੋਏ ਵੀ ਸੰਸਾਰਕ ਵਾਸ਼ਨਾਂ ਤੋਂ ਦੂਰ ਰਹਿੰਦੇ ਹਨ ਅਤੇ ਪਰਮ ਅਤੀਤ ਬਿਰਤੀ ਵਿਚ ਰਹਿ ਕੇ, ਵਾਹਿਗੁਰੂ ਜੀ ਦੇ ਚਰਨਾਂ ਵਿਚ ਰੰਗੇ ਰਹਿੰਦੇ ਹਨ। ਕੇਵਲ ਭਾਈ ਗੁਰਦਾਸ ਜੀ ਵਰਗੇ ਗੁਰੂ ਕੇ ਵਰੋਸਾਏ ਹੋਏ ਹੀ, ਭੱਟ ਮਥਰਾ ਦੇ ਸ਼ਬਦਾਂ ਵਿਚ, ਇਹ ਅਨੁਭਵ ਕਰ ਸਕਦੇ ਹਨ ਕਿ ਪੂਰਨ ਪਾਰਬ੍ਰਹਮ ਪ੍ਰਭੂ ਨੇ ਸਤਿਗੁਰੂ ਜੀ ਦੇ ਹਿਰਦੇ-ਤਖ਼ਤ ਉਤੇ ਨਿਵਾਸ ਕੀਤਾ ਹੋਇਆ ਹੈ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਸਦਾ ਜੁੜੇ ਰਹਿਣ ਕਰਕੇ ਤੇ ਵਾਹਿਗੁਰੂ ਜੀ ਦੇ ਨਾਲ ਅਭੇਦ ਹੋ ਜਾਣ ਕਰਕੇ, ਆਪ ਜੀ ਹਰੀ-ਪ੍ਰਭੂ ਦਾ ਪਰਤੱਖ ਰੂਪ ਹੀ ਹਨ।

"ਬ੍ਰਹਮ ਗਿਆਨੀ ਆਪਿ ਨਿਰੰਕਾਰ" ਦੇ ਗੁਰ-ਹੁਕਮਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਖਸ਼ਾਤ ਦਰਸ਼ਨਾਂ ਦੇ ਅਨੰਦ ਭਾਈ ਗੁਰਦਾਸ ਜੀ ਨੇ ਰਜ ਰਜ ਕੇ ਖ਼ੂਬ ਮਾਣੇ। ਜਦੋਂ ਭਾਈ ਸਾਹਿਬ ਜੀ ਨੇ ਸਤਿਗੁਰਾਂ ਦੇ ਸ਼ਹੀਦੀ ਦੇ ਅੰਤਲੇ ਦਰਸ਼ਨ–ਤੱਤੀ ਲੋਹ ਤੇ ਬਿਰਾਜਮਾਨ ਅਤੇ ਸੜਦੇ ਬਲਦੇ ਰੇਤੇ ਦੇ ਕੜਛਿਆਂ ਹੇਠ ਸਹਿਜ ਸਮਾਧੀ ਵਿਚ ਲਿਵਲੀਨ ਦਰਸ਼ਨ–ਅੱਖਾਂ ਦੇ ਸਾਹਮਣੇ ਲਿਆਂਦੇ ਤਾਂ ਆਪ ਜੀ ਦੇ ਸਾਹਮਣੇ ਉਹੋ ਸ੍ਰੀ ਹਰਿਮੰਦਰ ਸਾਹਿਬ ਵਾਲਾ ਸੁੰਦਰ ਦੀਦਾਰ ਪ੍ਰਜਵਲਤ ਹੋ ਆਇਆ–

ਬੈਕੁੰਠ ਨਗਰ ਜਹ ਸੰਤ ਵਾਸਾ ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥ ਸੂਹੀ ਮ: ੫ (ਪੰਨਾ ੭੪੨)

ਭਾਈ ਸਾਹਿਬ ਜੀ ਨੂੰ ਪਰਤੱਖ ਸੀ ਕਿ ਸ੍ਰੀ ਗੁਰੂ ਜੀ ਦੇਹੋਂ ਬਿਦੇਹ ਹਨ ਅਤੇ ਉਨ੍ਹਾਂ ਦਾ ਸੰਜੋਗ ਸਦਾ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜਿਆ ਹੋਇਆ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਲਿਵਲੀਨ ਹੋਣ ਕਰਕੇ ਸਰੀਰਕ ਦੁਖ ਸੁਖ ਉਨ੍ਹਾਂ ਦੀ ਮਹਾਨ ਆਤਮਾ ਨੂੰ ਪੋਹ ਹੀ ਨਹੀਂ ਸਕਦੇ। ਸਰੀਰ ਤਾਂ ਮਿੱਟੀ ਹੈ, ਦੁਖਾਂ ਸੁਖਾਂ ਨੂੰ ਮਹਿਸੂਸ ਕਰਨ ਵਾਲੀ ਵਸਤੂ ਸਰੀਰ ਦੇ ਅੰਦਰ ਵਸਦੀ ਆਤਮਾ ਹੈ। ਸਤਿਗੁਰੂ ਜੀ ਦੀ ਇਹ ਮਹਾਨ ਆਤਮਾ ਵਾਹਿਗੁਰੂ ਜੀ ਨਾਲ ਇਕ-ਮਿਕ ਹੋਈ ਇਉਂ ਕੂਕਦੀ ਰਹਿੰਦੀ ਹੈ ਕਿ–

ਬਿਸਰਤ ਨਾਹਿ ਮਨ ਤੇ ਹਰੀ ॥
ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ, ਆਨ ਬਿਖੈ ਜਰੀ ॥ਰਹਾਉ॥
ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਤ ਨ ਘਰੀ ॥
ਗੁਨ ਗੋਪਾਲ ਉਚਾਰੁ ਰਸਨਾ, ਟੇਵ ਏਹ ਪਰੀ ॥੧॥
ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ ॥
ਪ੍ਰਭ ਚਰਨ ਕਮਲ ਰਸਾਲ, ਨਾਨਕ ਗਾਠਿ ਬਾਧਿ ਧਰੀ ॥੨॥੧॥੯॥
–ਕੇਦਾਰਾ ਮਹਲਾ ੫ (ਪੰਨਾ ੧੧੨੧)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੁਖਾਰਬਿੰਦ ਬਾਣੀ ਵਿਚ ਵਾਹਿਗੁਰੂ ਜੀ ਨਾਲ ਪ੍ਰੀਤ ਦੀਆਂ ਜੋ ਉਚ ਮੰਜ਼ਲਾਂ ਦਰਸਾਈਆਂ ਹੋਈਆਂ ਹਨ, ਉਸ ਪ੍ਰੀਤ ਦੇ ਜੋ ਪਰਤੱਖ ਦਰਸ਼ਨ ਸੋਨੇ ਦੇ ਮੰਦਰਾਂ ਵਿਚ ਭਾਈ ਸਾਹਿਬ ਬੜੀ ਤੀਬਰਤਾ ਨਾਲ ਕਰਦੇ ਰਹੇ, ਹੁਣ ਸਤਿਗੁਰ ਜੀ ਦੇ ਓਹੋ ਇਲਾਹੀ ਦਰਸ਼ਨ ਅੱਗ ਦੇ ਮਚਦੇ ਭਾਂਬੜਾਂ ਉਤੇ ਤਤੀ ਤਵੀ ਤੇ ਸਹਿਜ ਸਮਾਧ ਵਿਚ ਬਿਰਾਜਮਾਨ ਹੋਇਆਂ ਦੇ ਕਰ ਰਹੇ ਹਨ। ਆਪ ਜੀ ਉਸ ਰੰਗ-ਰਸ-ਰਤੇ ਸਤਿਗੁਰ ਜੀ ਤੋਂ ਸਦਕੇ ਜਾਂਦੇ ਹਨ ਅਤੇ ਕਹਿੰਦੇ ਹਨ–

ਗੁਰ ਅਰਜਨ ਵਿਟਹੁ ਕੁਰਬਾਣੀ ॥

ਸਤਿਗੁਰੂ ਜੀ ਦੀ ਇਸ ਪਿਰਮ ਰਸ ਵਿਚ ਰਤਿਆਂ ਦੀ ਸਹਿਜ ਸਮਾਧੀ ਦਾ ਬਿਆਨ, ਭਾਈ ਸਾਹਿਬ ਜੀ, ਪ੍ਰੇਮ ਕਮਾਉਣ ਵਾਲੇ ਪ੍ਰੇਮੀਆਂ ਦੀਆਂ ਪੰਜ ਮਿਸਾਲਾਂ ਦੇ ਕੇ ਇਉਂ ਕਰਦੇ ਹਨ–

੧. ਪਹਿਲੀ ਮਿਸਾਲ ਮੱਛੀ ਦੀ ਦਿਤੀ ਹੈ ਕਿ ਜਿਵੇਂ ਉੱਚੀ ਕੁਲ ਵਾਲੀ ਕੋਈ ਮੱਛੀ ਦਰਿਆ ਦੇ ਨਿਰਮਲ ਜਲ ਵਿਚ ਤਾਰੀਆਂ ਲਾਂਦੀ ਫਿਰਦੀ ਹੈ ਅਤੇ ਉਹ ਇਧਰ ਉਧਰ ਜਲ ਹੀ ਜਲ ਦੇਖਦੀ ਹੈ, ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ, ਤਿਵੇਂ ਪੰਜਵੇਂ ਸਤਿਗੁਰੂ ਜੀ, ਸ੍ਰੀ ਗੁਰੂ ਰਾਮਦਾਸ ਜੀ ਰੂਪੀ ਨਿਰਮਲ ਜਲ ਵਿਚ, ਉਨ੍ਹਾਂ ਦੇ ਚਰਨਾਂ ਵਿਚ ਜੁੜੇ ਹੋਏ, ਉਨ੍ਹਾਂ ਨਾਲ ਓਤਿ ਪੋਤਿ ਹੋਏ ਹੋਏ, ਅਨੰਦ ਮਾਣ ਰਹੇ ਹਨ ਅਤੇ ਉਨ੍ਹਾਂ ਨੂੰ ਸਭ ਪਾਸੇ ਗੁਰਦੇਵ ਪਰਮੇਸ਼ਰ ਦੇ ਹੀ ਰੰਗ ਖਿੜੇ ਨਜ਼ਰ ਆ ਰਹੇ ਹਨ।

੨. ਦੂਜੀ ਮਿਸਾਲ ਪਤੰਗੇ ਦੀ ਦਿਤੀ ਹੈ ਕਿ ਜਿਵੇਂ ਪਤੰਗਾ ਲੱਟ ਲੱਟ ਬਲਦੀ ਸ਼ਮ੍ਹਾ ਤੇ ਲੱਟੂ ਹੋ ਜਾਂਦਾ ਹੈ, ਉਹ ਉਸ ਜੋਤੀ ਦੇ ਚਾਨਣ 'ਤੇ ਮਸਤ ਹੋਇਆ ਸਭ ਕੁਝ ਭੁਲ ਜਾਂਦਾ ਹੈ, ਅਤੇ ਇਥੋਂ ਤਕ ਕਿ ਆਪਣਾ ਆਪ ਵੀ ਉਸ ਤੋਂ ਕੁਰਬਾਨ ਕਰ ਦੇਂਦਾ ਹੈ, ਪਰ ਉਸ ਤੋਂ ਮੂੰਹ ਨਹੀਂ ਮੋੜਦਾ; ਇਸੇ ਤਰ੍ਹਾਂ ਹੀ ਪੰਚਮ ਪਾਤਸ਼ਾਹ ਜੀ ਵੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਮਸਤੁਲ-ਮਸਤ ਹੋਏ, ਉਨ੍ਹਾਂ ਦੀ ਜੋਤਿ ਵਿਚ ਜੋਤਿ ਰਲਾਈ ਬੈਠੇ ਹਨ।

੩. ਤੀਜੀ ਮਿਸਾਲ ਹਿਰਨ ਦੀ ਦਿੰਦੇ ਹੋਏ ਦਸਦੇ ਹਨ ਕਿ ਉਸ ਦੀ ਘੰਡੇ-ਹੇੜੇ ਦੀ ਅਵਾਜ਼ ਵਿਚ ਸੁਰਤ ਐਸੀ ਸਮਾਈ ਹੁੰਦੀ ਹੈ ਕਿ ਉਸ ਅਵਾਜ਼ ਦਾ ਖਿਚਿਆ ਹੋਇਆ ਉਸ ਵੱਲ ਭਜਾ ਜਾਂਦਾ ਹੈ, ਭਾਵੇਂ ਉਹ ਕਿਸੇ ਫਾਹੀ ਵਿਚ ਵੀ ਫਸ ਜਾਵੇ, ਉਸ ਨੂੰ ਹੋਰ ਕੁਝ ਸੁਝਦਾ ਬੁਝਦਾ ਹੀ ਨਹੀਂ; ਇਵੇਂ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਗੁਰ-ਸ਼ਬਦ ਵਿਚ ਲਿਵ-ਲੀਨ ਹੋਏ ਹੋਏ ਹਨ ਅਤੇ ਅੰਤ ਸਮੇਂ ਜਦ ਭੀੜਾ ਆ ਬਣੀ ਤਾਂ ਉਹਨਾਂ ਦੇ ਅੰਦਰ ਗੁਰ-ਸ਼ਬਦ ਤੋਂ ਬਿਨਾਂ ਹੋਰ ਕੋਈ ਖਿਆਲ ਚਿਤ-ਚੇਤਾ ਵੀ ਨਹੀਂ।

੪. ਚੌਥੀ ਮਿਸਾਲ ਭੌਰੇ ਦੀ ਕੰਵਲ-ਫੁਲ ਨਾਲ ਪ੍ਰੀਤੀ ਦੀ ਦੇ ਕੇ ਦਸਦੇ ਹਨ ਕਿ ਜਿਵੇਂ ਉਹ ਉਸ ਦੀ ਸੁਗੰਧੀ ਵਿਚ ਗੁਟ ਹੋ ਕੇ, ਸੂਰਜ ਅਸਤ ਹੋਣ ਤੇ ਫੁਲ ਦੇ ਵਿਚ ਹੀ ਮੀਟਿਆ ਜਾਂਦਾ ਹੈ; ਤਿਵੇਂ ਆਤਮ-ਅਰੂੜ ਸਮਾਧੀ ਵਿਚ ਗੁਰੂ ਅਰਜਨ ਦੇਵ ਜੀ ਗੁਰੂ-ਚਰਨਾਂ ਦੀ ਸੁਗੰਧੀ ਵਿਚ ਲਪਟਾਇਮਾਨ ਹੋ ਰਹੇ ਹਨ।

੫. ਪੰਜਵੀਂ ਮਿਸਾਲ ਪਪੀਹੇ ਦੀ ਸਵਾਂਤੀ ਬੂੰਦ ਦੀ ਪ੍ਰਾਪਤੀ ਲਈ ਤਰਲੇ ਲੈਣ ਦੀ ਦਿਤੀ ਹੈ। ਉਹ ਦਿਨ ਰਾਤ ਲਗਾਤਾਰ ਸਵਾਂਤੀ ਬੂੰਦ ਲਈ ਪ੍ਰਿਉ ਪ੍ਰਿਉ ਦੀ ਜਿਵੇਂ ਰੱਟ ਲਾਈ ਰਖਦਾ ਹੈ ਤਿਵੇਂ ਹੀ ਸਤਿਗੁਰੂ ਜੀ ਦੇ ਅੰਤਰ-ਆਤਮੇ ਗੁਰ-ਸ਼ਬਦ ਦੀ ਇਕ-ਰਸ ਧੁਨੀ ਗੂੰਜ ਰਹੀ ਹੈ ਅਤੇ ਇਹ ਧੁਨੀ ਐਸੀ ਪ੍ਰਬਲ ਚਲ ਰਹੀ ਹੈ ਕਿ ਜਿਸ ਤੋਂ ਵਿਛੋੜਾ ਅਸਹਿ ਜਾਪਦਾ ਹੈ। ਗੁਰੂ ਪਰਮੇਸ਼ਰ ਦੇ ਸਨਮੁਖ ਓਤਿ ਪੋਤਿ ਹੋਏ ਹੋਏ ਜਿਸ ਪਿਰਮ ਰਸ ਦੇ ਅੰਮ੍ਰਿਤ ਨੂੰ ਉਹ ਚਖ ਰਹੇ ਹਨ, ਉਸ ਦਾ ਫਲ-ਸਰੂਪ ਅਗੰਮੀ ਸੁਖ ਹੈ, ਜੋ ਕਹਿਣ ਕਥਨ ਤੋਂ ਬਾਹਰਾ ਹੈ। ਅਜਿਹੇ ਨਾਮ-ਰੰਗ-ਤਰੰਗਾਂ ਵਿਚ ਉਹ ਗੁਰਦੇਵ ਦੀ ਹਜ਼ੂਰੀ ਵਿਚ ਸਹਿਜ-ਸਮਾਧੀ ਵਿਚ ਅਸਥਿਤ ਹੋ ਰਹੇ ਹਨ।

ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੀ ਐਸੀ ਅਸਚਰਜ ਤੇ ਬਿਸਮਾਦੀ ਦਸ਼ਾ ਨੂੰ ਦਰਸ-ਪਰਸ ਕੇ ਭਾਈ ਗੁਰਦਾਸ ਜੀ ਵਾਰਨੇ ਬਲਿਹਾਰਨੇ ਜਾ ਰਹੇ ਹਨ।

ਪੰਚਮ ਪਾਤਸ਼ਾਹ ਜੀ ਦਾ ਇਹ ਸ਼ਹੀਦੀ ਸਾਕਾ ਅਸਾਂ ਸੰਸਾਰੀ ਜੀਵਾਂ ਲਈ ਇਕ ਮਹਾਨ ਪ੍ਰੇਰਨਾ ਹੈ ਅਤੇ ਭਾਈ ਗੁਰਦਾਸ ਜੀ ਦੀ ਇਸ ਲੇਖਣੀ ਤੋਂ ਪਰਤੱਖ ਹੈ ਕਿ ਜਿਹੜੀ ਆਤਮਾ ਮਹਾਨ ਸੁਖ ਦੇ ਸੋਮੇ ਵਾਹਿਗੁਰੂ ਦੇ ਨਾਮ-ਰਸ ਵਿਚ ਜੁੜੀ ਹੁੰਦੀ ਹੈ, ਉਹ ਉਸ ਮਹਾਨ ਸੁਖ ਦੇ ਕਾਰਨ ਸਰੀਰਕ ਕਸ਼ਟਾਂ ਨੂੰ ਤੁਛ ਸਮਝਦੇ ਹਨ, ਉਸ ਮਹਾਨ ਅਨੰਦ ਦੇ ਰੰਗ-ਰਸ ਵਿਚ ਦੁਨੀਆ ਦੇ ਵਡੇ ਤੋਂ ਵਡੇ ਤਸੀਹੇ ਉਨ੍ਹਾਂ ਨੂੰ ਪ੍ਰਤੀਤ ਹੀ ਨਹੀਂ ਹੁੰਦੇ। ਪ੍ਰਭੂ-ਚਰਨਾਂ ਵਿਚ ਜੁੜੇ ਹੋਣ ਅਤੇ ਗੁਰ-ਸ਼ਬਦ ਦੀ ਕਮਾਈ ਦਾ ਇਹੋ ਉਚ ਕ੍ਰਿਸ਼ਮਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿਚ ਪਰਤੱਖ ਹੈ। ਉਨ੍ਹਾਂ ਦੇ ਨਿਕਟਵਰਤੀ ਗੁਰਸਿਖਾਂ ਭਾਈ ਦਿਆਲਾ ਜੀ ਦਾ ਦੇਗੇ ਵਿਚ ਉਬਾਲੇ ਜਾ ਕੇ ਅਤੇ ਭਾਈ ਮਤੀਦਾਸ ਜੀ ਦਾ ਆਰੇ ਨਾਲ ਦੋ-ਫਾੜ ਚੀਰਿਆ ਜਾ ਕੇ ਸ਼ਹੀਦ ਹੋਣਾ*



www.AKJ.Org

# ਸ੍ਰੀ ਹਰਿਮੰਦਰ ਸਾਹਿਬ

[ਪ੍ਰੋਫੈਸਰ ਪੂਰਨ ਸਿੰਘ ਜੀ]

ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ। ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪਰਲੋਕ ਦੀ ਫਤਹ ਹੈ। ਇਹ ਸਾਡਾ ਮਹਾਨ ਕੇਂਦਰ ਹੈ। ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਪਨ, ਸੱਚ ਤੇ ਸੱਚ-ਸੁਪਨ ਹੈ। ਦਰਬਾਰ ਸਾਹਿਬ ਠੀਕ ਸਚਖੰਡ ਦਾ ਟੁਕੜਾ ਹੈ, ਜਿਹੜਾ ਅਨੰਤ ਤੀਰੀ-ਰਸ਼ਮੀਆਂ ਨਾਲ ਧੁਰ ਅਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਅਕਾਸ਼ ਵਿਚ ਝੂਲ ਰਿਹਾ ਹੈ; ਜੋ ਇਹ ਮੰਨ ਕੇ ਇਥੇ ਆਇਆ, ਉਹ ਜੀਵਨ-ਮੁਕਤ ਹੈ; ਜੀਵਨ-ਮੁਕਤੀ ਇਸ ਵਿਸ਼ਵਾਸ ਦਾ ਆਣਾ ਹੈ।

ਇਹ ਸਥਾਨ ਕਲਗੀਆਂ ਵਾਲੇ ਦੀ ਸੁਰਤ ਵਿਚ ਚਮਕ ਰਿਹਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸਿਲਾ ਨਹੀਂ ਦੇ ਸਕਦੇ। ਕਿੰਞ ਕੰਵਲ ਵਤ ਇਹ ਅਸਗਾਹ ਜਲ ਵਿਚ ਖੜਾ ਹੈ! ਇਹ ਸਾਡਾ ਨਾਮ-ਮੰਤਰ ਹੈ, ਇਹ ਸਾਡਾ ਧਿਆਨ ਹੈ। ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ ਨਹੀਂ, ਇਹ ਈਸ਼ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ, ਜਿਥੇ ਰਸੀਏ, ਪਹੁੰਚੇ ਹੋਏ ਫ਼ਕੀਰ, ਪੀਰ, ਮੀਰ, ਸਰੀਰਾਂ ਨੂੰ ਧਿਆਨ-ਲੀਨ ਕਰ ਬੈਠੇ ਹਨ।

ਹੇ ਜਾਣ ਵਾਲੇ ਅਣਜਾਣ! ਹੇ ਵਹਿਸ਼ੀ! ਹੇ ਨੈਣ-ਜੋਤ ਥੀਂ ਹੀਨ ਮਨੁੱਖ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ। ਕੁਲ ਦੁਨੀਆ ਵਿਚ ਬੱਸ ਇਕ ਹੈ। ਬਾਲਕ ਰੂਪ ਹੋ ਨੱਸ, ਗੋਦ ਵਿਚ ਬੈਠ, ਇਥੇ ਜਾਗਦਾ ਬੰਦਾ ਬਣ ਕੇ ਆ, ਇਥੇ ਅਨੰਤ ਅਦਬ ਨਾਲ ਸਿਰ ਝੁਕਾ, ਮੱਥਾ ਟੇਕ, ਨਹੀਂ ਤਾਂ ਜਾਹ ਮਰ ਜਾਏਂਗਾ।'' [ਖਾਲਸਾ ਸਮਾਚਾਰ ੨੪-੧੨-੧੯੧੪

---

*ਵੀ ਸਪਸ਼ਟ ਕਰਦਾ ਹੈ ਕਿ ਸਰੀਰ ਆਰੇ ਨਾਲ ਚੀਰਿਆ ਜਾ ਰਿਹਾ ਹੈ, ਲਹੂ ਦੀਆਂ ਤਤੀਰੀਆਂ ਚਲ ਰਹੀਆਂ ਹਨ, ਪਰ ਭਾਈ ਸਾਹਿਬ ਜੀ ਜਪੁਜੀ ਸਾਹਿਬ ਦੇ ਪਾਠ ਵਿਚ ਲਿਵਲੀਨ ਹਨ ਅਤੇ ਅੰਤਲੇ ਸਵਾਸ ਤਕ ਪਾਠ ਦੀ ਧੁਨੀ ਗੂੰਜ ਰਹੀ ਹੈ–

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

ਸ਼ਹੀਦੀਆਂ ਦਾ ਇਹੋ ਸਿਲਸਿਲਾ–ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਚਾਲੀ ਮੁਕਤਿਆਂ ਤੇ ਉਨ੍ਹਾਂ ਤੋਂ ਬਾਅਦ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕਟਵਾ ਕੇ ਸ਼ਹੀਦ ਹੋਣਾ, ਭਾਈ ਤਾਰੂ ਸਿੰਘ ਜੀ ਦਾ ਖੋਪਰ ਲੁਹਾ ਕੇ ਸ਼ਹੀਦੀ ਪਾਉਣੀ, ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜੀ ਦਾ ਚਰਖੜੀ ਤੇ ਚੜ੍ਹ ਕੇ ਤੂੰਬਾ ਤੂੰਬਾ ਹੋ ਕੇ ਕੁਰਬਾਨ ਹੋ ਜਾਣਾ ਅਤੇ ਅਨੇਕਾਂ ਹੋਰ ਸ਼ਹੀਦਾਂ ਦੇ ਮਹਾਨ ਕਾਰਨਾਮੇ ਲਗਾਤਾਰ ਸਾਡੇ ਸਾਹਮਣੇ ਹਨ, ਜੋ ਪਰਤੱਖ ਕਰਦੇ ਹਨ ਕਿ ਗੁਰੂ ਚਰਨਾਂ ਵਿਚ ਜੁੜੇ ਹੋਏ ਸ਼ਹੀਦੀ ਪਰਵਾਨੇ ਸਰੀਰਕ ਕਸ਼ਟਾਂ ਨੂੰ ਤੁਛ ਸਮਝਦੇ ਹਨ।

ਮੌਜੂਦਾ ਸਮੇਂ ਵਿਚ ਗੁਰਦਵਾਰਾ ਸੁਧਾਰ ਲਹਿਰ ਵਿਚ ਗੁਰਸਿਖਾਂ ਨੇ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਜੈਤੋ ਤੇ ਗੁਰੂ ਕੇ ਬਾਗ ਵਿਚ ਕੁਰਬਾਨੀਆਂ ਦੇ ਜੋ ਕਾਰਨਾਮੇ ਵਿਖਾਏ ਉਹ ਵੀ ਦੁਨੀਆ ਨੂੰ ਹੈਰਾਨ ਕਰ ਦੇਣ ਵਾਲੇ ਹਨ। ਇਹ ਸਭ ਸਤਿਗੁਰੂ ਦੀ ਕਲਾ ਹੈ। ਹੁਣ ਐਸ ਵੇਲੇ ''ਧਰਮ ਯੁਧ ਮੋਰਚੇ'' ਵਿਚ ਸਿੰਘਾਂ ਦਾ ਜੋ ਜੋਸ਼ ਹੈ, ਕੁਰਬਾਨੀ ਦਾ ਮਾਦਾ ਹੈ, ਅਤੇ ਸਾਹਮਣੇ ਸ਼ਹੀਦ ਹੁੰਦੇ ਵੇਖ ਕੇ ਵੀ ਜੋ ਚੜ੍ਹਦੀ ਕਲਾ ਸਿੰਘਾਂ ਵਿਚ ਆ ਰਹੀ ਹੈ, ਇਹ ਸਭ ਗੁਰੂ ਪਾਤਸ਼ਾਹ ਦੀ ਵਰਤਾਈ ਕਲਾ ਦਾ ਹੀ ਕ੍ਰਿਸ਼ਮਾ ਹੈ।

# ਗੁਰੂ ਅਰਜਨ ਦੇਵ ਜੀ :
# ਮੀਆਂ ਮੀਰ ਨੂੰ

[ਸ: ਦਾਨ ਸਿੰਘ ਜੀ ਕੋਮਲ]

ਮੀਆਂ ਮੀਰ ! ਮੇਰਿਆ ਯਾਰਾ !
ਕਿਉਂ ਗ਼ਮਗ਼ੀਨ ਤੂੰ ਹੋਇਆ ਏਂ ।
ਚਿਹਰਾ ਤੇਰਾ ਦੱਸ ਰਿਹਾ ਏ,
ਹੁਣੇ ਹੁਣੇ ਤੂੰ ਰੋਇਆ ਏਂ ।

ਅੱਗ 'ਚ ਬੈਠਾ ਵੇਖ ਕੇ ਮੈਨੂੰ,
ਦੁੱਖ ਤੂੰ ਮੇਰਾ ਜਰ ਨਹੀਂ ਸਕਿਆ ।
ਦੁਨੀਆ ਕੋਲੋਂ ਉੱਚਾ ਹੋ ਕੇ,
ਦਿਲ ਨੂੰ ਕਾਬੂ ਕਰ ਨਹੀਂ ਸਕਿਆ ।

ਏਡਾ ਵੱਡਾ ਪੀਰ ਤੂੰ ਹੋ ਕੇ,
ਰੱਖੀ ਦਿਲ ਵਿਚ ਧੀਰ ਨਹੀਂ ਏਂ ।
ਦੱਸ ਖਾਂ ਮੈਨੂੰ, ਕੀ ਤੂੰ ਓਹੋ,
ਸਾਈਂ ਮੀਆਂ ਮੀਰ ਨਹੀਂ ਏਂ ?

ਦੁਨੀਆਦਾਰ ਨੂੰ ਦੁੱਖ ਹੁੰਦੇ ਨੇ,
ਫ਼ਿਕਰ ਨਾ ਕਦੇ ਫ਼ਕੀਰ ਨੂੰ ਹੁੰਦਾ ।
ਰੱਬ ਦੇ ਨਾਲ ਪ੍ਰੀਤੀ ਜਿਸ ਦੀ,
ਦੁਖ ਨਹੀਂ ਉਦ੍ਹੇ ਸਰੀਰ ਨੂੰ ਹੁੰਦਾ ।

ਦੁੱਖ ਤਾਂ ਆਂਦੇ ਜਾਂਦੇ ਰਹਿੰਦੇ,
ਦੁਖੜੇ ਜਿਸਮ ਦੇ ਕਪੜੇ ਨੇ ।
ਜਿਸਮ ਨਾਲ ਇਹ ਖ਼ਤਮ ਨੇ ਹੁੰਦੇ,
ਰੂਹ ਨੂੰ ਕਦੇ ਨਾ ਅਪੜੇ ਨੇ ।

ਹਰਖ ਸੋਗ ਤੇ ਦੁਖ ਸੁਖ, ਸਾਰੇ,
ਤਨ ਤੀਕਰ ਨੇ ਸੀਮਤ ਮਿੱਤਰਾ !
ਉੱਚੀ ਸੁੱਚੀ ਰੂਹ ਦੇ ਅੱਗੇ,
ਇਹਨਾਂ ਦੀ ਨਹੀਂ ਕੀਮਤ ਮਿੱਤਰਾ !

ਤੇਰੀ ਸ਼ਕਤੀ ਦਾ ਮੈਂ ਭੇਤੀ,
ਠੀਕ ਤੂੰ ਕਹਿਰ ਲਿਆ ਸਕਨੈਂ ।
ਦਿੱਲੀ ਅਤੇ ਲਾਹੌਰ ਦੋਹਾਂ ਨੂੰ,
ਚਾਹਵੇਂ ਤਾਂ ਟਕਰਾ ਸਕਨੈਂ ।

ਪਰ ਐ ਦੋਸਤ ! ਏਥੇ ਕੋਈ,
ਕਰਾਮਾਤ ਨਾ ਕਰਨੀ ਏਂ ।
ਕਿਉਂਕਿ ਅਗਨੀ ਜ਼ੁਲਮ ਸਿਤਮ ਦੀ,
ਸ਼ਾਂਤੀ ਨਾਲ ਮੈਂ ਜਰਨੀ ਏਂ !

ਮੈਨੂੰ ਮਾਣ ਕਿ ਜੱਗ ਵਿਚ ਮੇਰਾ,
ਤੇਰੇ ਵਰਗਾ ਮਿੱਤਰ ਹੈ ।
(ਪਰ) ਮੈਂ ਕੰਮ ਜੋ ਕਰਦਾ ਪਿਆ ਵਾਂ,
ਕੰਮ ਇਹ ਬੜਾ ਪਵਿੱਤਰ ਹੈ ।

ਪਰ-ਉਪਕਾਰ ਕਦੇ ਨਹੀਂ ਹੁੰਦਾ,
ਕੁਰਬਾਨੀ ਦੇ ਯੱਗ ਬਿਨਾਂ ।
ਯੱਗ ਨਹੀਂ ਹੁੰਦਾ, ਹਵਨ ਬਿਨਾਂ,
ਤੇ ਹਵਨ ਨਹੀਂ ਹੁੰਦਾ ਅੱਗ ਬਿਨਾਂ ।

ਅੱਗ ਬਿਨ ਭੋਜਨ ਪੱਕ ਨਹੀਂ ਸਕਦਾ,
ਅੱਗ ਜ਼ਿੰਦਗੀ ਦਾ ਤੱਤ੍ਵ ਹੈ ।
ਅੱਗ ਪਵਿਤਰ ਮੰਨੀ ਹੋਈ ਏ,
ਅਗਨੀ ਬੜੀ ਮਹੱਤ੍ਵ ਹੈ ।

ਕਾਮ, ਕ੍ਰੋਧ, ਲੋਭ, ਮੋਹ, ਹਉਮੈ,
ਇਹ ਨਦੀਆਂ ਨੇ ਅੱਗ ਦੀਆਂ ।
ਅੰਦਰੋਂ ਨੇ ਜੋ ਸਾੜਦੀਆਂ,
ਤੇ ਬਾਹਰੋਂ ਠੰਢੀਆਂ ਲੱਗਦੀਆਂ ।

ਇਹਨਾਂ ਪੰਜਾਂ ਅੱਗਾਂ ਅੰਦਰ,
ਸੜਦਾ ਕੁੱਲ ਸੰਸਾਰ ਪਿਐ ।
ਪਰ ਮੇਰਾ ਦਿਲ ਅਗਨੀ ਅੰਦਰ,
ਜਗਤ-ਜਲੰਦਾ ਠਾਰ ਰਿਹੈ ।

ਹਵਨ-ਯੱਗ ਵਿਚ ਮੈਂ ਆਹੂਤੀ
ਦੇ ਰਿਹਾ ਹਾਂ, ਤਨ ਫ਼ਾਨੀ ਦੀ,
ਸਿੱਖ ਧਰਮ ਵਿਚ ਧਰਦਾ ਪਿਆਂ ਮੈਂ,
ਨੀਂਹ ਨਵੀਂ ਕੁਰਬਾਨੀ ਦੀ ।

ਤੱਤੀ ਤਵੀ ਦੀ ਤਪਸ਼ ਇਹ ਤੱਤੀ,
ਵੇਖਣ ਨੂੰ ਸੰਗੀਨ ਏ ਲਗਦੀ ।
ਐਪਰ ਪ੍ਰਭੂ ਦੇ ਭਾਣੇ ਅੰਦਰ,
ਮੈਨੂੰ ਬੜੀ ਰੰਗੀਨ ਏ ਲਗਦੀ ।


www.AKJ.Org

ਲੋਹ ਜਾਪਦੀ ਗੋਦ ਪ੍ਰਭੂ ਦੀ,
ਮਸਤੀ ਅੰਦਰ ਬੈਠਾ ਮੈਂ।
ਜਿਸ ਘਰ ਦੀ ਤੂੰ ਨੀਂਹ ਧਰੀ ਸੀ,
ਉਸ ਹਰਿਮੰਦਰ ਬੈਠਾ ਮੈਂ।
ਮੇਰੇ ਮਨ ਵਿਚ ਠੰਢਕ ਏਨੀ,
ਬਰਫ਼ ਦੇ ਘਰ ਵਿਚ ਬੈਠਾ ਹਾਂ।
ਲਗਦਾ ਏ ਮੈਂ ਅੰਮ੍ਰਿਤਸਰ ਦੇ,
ਸੀਤਲ-ਸਰ ਵਿਚ ਬੈਠਾ ਹਾਂ!
ਅੱਗ ਤੇ ਇਸ਼ਕ ਦੀ ਖੇਡ ਪੁਰਾਣੀ,
ਅੱਜ ਮੈਂ ਕਰਨੀ ਪੂਰੀ ਹੈ।
ਕਿਉਂਕਿ ਮੇਰੇ ਮਨ ਦੇ ਅੰਦਰ,
ਭਰਿਆ ਸਿਦਕ ਸਬੂਰੀ ਹੈ।
ਸਿਮਰਨ ਨਾਲ ਆਤਮਾ ਮੇਰੀ,
ਸ਼ਕਤੀ-ਸ਼ਾਲੀ ਹੋਈ ਏ।
ਤਦੇ ਅੱਗ ਮੈਂ ਸੜਦੇ ਜੱਗ ਦੀ,
ਆਪਣੇ ਵਿਚ ਸਮੋਈ ਏ।
ਠੰਢ ਤੇ ਸ਼ਾਂਤੀ ਮਿਲੇ ਜਗਤ ਨੂੰ,
ਦਿਲ ਕਰਦਾ ਉਪਕਾਰ ਪਿਐ।
ਮੈਨੂੰ ਵੀ ਬੱਸ ਓਹੋ ਭਾਵੇ,
ਜੋ ਕਰਦਾ ਕਰਤਾਰ ਪਿਐ।
ਮੇਰੇ ਦੋਸਤ ਯਾਦ ਹੈ ਤੈਨੂੰ?
ਪੁਛਿਆ ਸੀ ਤੂੰ ਇਕ ਦਿਨ ਮੈਨੂੰ।
ਬਾਣੀ ਦੀ ਇਕ ਤੁਕ ਦੀ ਜਦ ਕਿ,
ਸਮਝ ਨਹੀਂ ਸੀ ਆਈ ਤੈਨੂੰ।

ਉਸ ਵੇਲੇ ਮੈਂ ਕਿਹਾ ਸੀ ਤੈਨੂੰ,
ਸਮਾਂ ਅਜਿਹਾ ਆਵੇਗਾ।
ਜਦ ਇਸ ਤੁਕ ਦਾ ਮਤਲਬ ਤੈਨੂੰ,
ਸਾਫ ਸਮਝ ਲਗ ਜਾਵੇਗਾ।
ਅੱਜ ਉਹ ਸਮਾਂ ਹੈ ਆਇਆ ਸੱਜਣਾ,
ਅਰਥ ਉਸ ਤੁਕ ਦੇ ਸਿੱਖ ਲੈ ਤੂੰ।
ਉਹ ਤੁਕ ਫੇਰ ਦੁਹਰਾਉਂਦਾ ਹਾਂ ਮੈਂ,'
ਦਿਲ ਦੇ ਉਪਰ ਲਿਖ ਲੈ ਤੂੰ।
ਸੂਹੀ ਰਾਗ 'ਚ ਚੌਥੇ ਸਤਿਗੁਰ,
ਇਹ ਤੁਕ ਹੈਸੀ ਇੰਜ ਫੁਰਮਾਈ:
"ਤਨੁ-ਮਨੁ ਕਾਟਿ ਕਾਟਿ ਸਭੁ ਅਰਪੀ,
ਵਿਚਿ ਅਗਨੀ ਆਪੁ ਜਲਾਈ।"
ਏਸ ਵਾਕ ਦਾ ਅਰਥ ਵੇਖ ਲੈ,
ਪਿਆ ਅਜੱਰ ਮੈਂ ਜਰਦਾ ਹਾਂ।
ਤਨ ਮਨ ਆਪਣਾ ਕੱਟ ਕੱਟ ਕੇ,
ਆਪਾ ਅਰਪਣ ਕਰਦਾ ਹਾਂ।
ਕਰ ਕੇ ਅਮਲ ਮੈਂ ਦੇਹ ਆਪਣੀ 'ਤੇ,
ਦੱਸਿਆ ਭੇਤ ਇਲਾਹੀ ਹੈ।
ਗੁਰਬਾਣੀ ਦਿਆਂ ਸ਼ਬਦਾਂ ਵਿਚ,
ਹਕੀਕਤ ਹੈ. ਸੱਚਾਈ ਹੈ।
ਮੇਰੇ ਵਾਂਗੂ 'ਕੋਮਲ' ਬਣ ਕੇ,
ਨਾਲ ਖ਼ੁਦਾ ਦੇ ਜੁੜ ਜਾ ਸਾਈਆਂ!
ਮੰਨ ਕੇ ਉਸ ਸਾਹਿਬ ਦਾ ਭਾਣਾ,
ਹੱਸਦਾ ਹੱਸਦਾ ਮੁੜ ਜਾ ਸਾਈਆਂ!

## ਗੁਰੂ ਨਾਨਕ ਦੇਵ ਜੀ ਦੀ ਕਰਾਮਾਤ

ਇਕ ਵਿਦਵਾਨ ਬੰਗਾਲੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਿਆ ਅਰ ਗੁਰੂ ਘਰ ਦਾ ਪ੍ਰੇਮੀ ਹੋ ਗਿਆ। ਇਸ ਨੂੰ ਕਿਸੇ ਪੁਛਿਆ ਕਿ ਗੁਰੂ ਨਾਨਕ ਕਰਾਮਾਤ ਕਰਤੇ ਥੇ। ਉਸ ਨੇ ਉਤਰ ਦਿਤਾ ਕਿ ਲਾਖੋਂ ਪਰ ਜੈਸੇ ਸੂਰਜ ਦੇ ਚਾਨਣੇ ਹੇਠ ਲਖਾਂ ਤਾਰਿਆਂ ਦੀ ਗਿਣਤੀ ਨਹੀਂ ਰਹਿੰਦੀ ਤਿਵੇਂ ਉਨ੍ਹਾਂ ਦੀ ਇਕ ਕਰਾਮਾਤ ਅਗੇ ਉਨ੍ਹਾਂ ਦੀਆਂ ਸਾਰੀਆਂ ਕਰਾਮਾਤਾਂ ਲੁਕ ਜਾਂਦੀਆਂ ਹਨ, ਇਸੇ ਕਰਕੇ ਮੈਂ ਉਸ ਮਹਾਨ ਕਰਾਮਾਤ ਨੂੰ ਦੇਖਦਾ ਰਹਿੰਦਾ ਤੇ ਅਨੰਦ ਹੁੰਦਾ ਹਾਂ। ਉਸ ਨੇ ਪੁਛਿਆ ਕਿ ਉਹ ਕੀ ਹੈ? ਉਤਰ ਦਿਤਾ ਜ਼ੁਲਮੋਂ ਔਰ ਅੰਧੇਰ ਕੇ ਜ਼ਮਾਨੇ ਮੇਂ ਜਬ ਏਕ ਗਾਉਂ ਸੇ ਦੂਸਰੇ ਗਾਉਂ ਜਾਨਾ ਮੁਸ਼ਕਲ ਥਾ ਉਨ੍ਹੋਂ ਨੇ ਭਗਤੀ ਕਾ ਅਵਤਾਰ ਧਾਰਾ ਔਰ ਹਜ਼ਾਰੋਂ ਕੋਸ ਸਫ਼ਰ ਕਰਕੇ ਅਨਗਿਨਤ ਜੀਵੋਂ ਕੇ ਪਾਂਪ ਛੁਡਾ ਕਰ ਧਰਮ ਗ੍ਰਹਿਨ ਕਰਵਾਇਆ, ਅਰ ਭਗਤੀ ਕਾ ਸੂਰਜ ਚੜ੍ਹਾ ਦੀਆ, ਯਹਾਂ ਤਕ ਕਿ ਅਬ ਤਕ ਉਨ ਕੀ ਬਾਣੀ ਪੜ੍ਹ ਕੇ ਜੀਵ ਭਗਤ ਹੋ ਰਹੇ ਹੈਂ, ਔਰ ਮੁਕਤੀ ਮਾਰਗ ਪਰ ਚਲ ਰਹੇ ਹੈਂ, ਯਹ ਸਭ ਸੇ ਬੜੀ ਕਰਾਮਾਤ ਹੈ। **ਮੁਰਦਾ ਆਦਮੀ ਕਾ ਜ਼ਿੰਦਾ ਕਰਨਾ ਕੁਛ ਬਾਤ ਨਹੀਂ, ਮੁਰਦਾ ਕੌਮ ਕਾ ਜ਼ਿੰਦਾ ਕਰਨਾ, ਕਰਾਮਾਤ ਹੈ।**

ਖਾਲਸਾ ਸਮਾਚਾਰ ਮਿਤੀ ਮਿਤੀ ੨੭ ਅਗਸਤ ੧੯੦੦

www.AKJ.Org

# ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਵਾਹਿਗੁਰੂ ਆਪ ਅਚਰਜ ਹੈ। ਉਸ ਦੀ ਰਚਨਾ ਅਚਰਜ ਹੈ। ਦਸੋਂ ਗੁਰੂ ਸਾਹਿਬਾਨ ਤੇ ਗੁਰਬਾਣੀ ਅਚਰਜ ਹੈ। ਇਸ ਲਈ ਸਿਖ ਧਰਮ ਕਲਾਵਾਦ ਤੇ ਅਚਰਜਵਾਦ ਹੈ। ਅਰਥਾਤ ਸਿਖ ਧਰਮ ਵਾਹਿਗੁਰੂ ਦੀ ਅਸਚਰਜਤਾ ਤੇ ਉਸ ਦੀ ਸਰਬ-ਕਲਾ-ਸਮਰੱਥਾ ਨੂੰ ਮੰਨਦਾ ਹੋਇਆ, ਵਾਹਿਗੁਰੂ ਦੀ ਭਗਤੀ ਦ੍ਰਿੜ੍ਹ ਕਰਾਉਂਦਾ ਹੈ।

ਸੰਸਾਰ ਵਿਚ ਉਸ ਦੀ ਅਸਚਰਜ ਲੀਲ੍ਹਾ ਦੇ ਚਮਤਕਾਰ ਸਦਾ ਹੀ ਪ੍ਰਗਟ ਹੁੰਦੇ ਰਹਿੰਦੇ ਹਨ। ਸੂਖਮ ਬੁਧੀ ਵਾਲੇ ਪੁਰਸ਼ ਇਨ੍ਹਾਂ ਚਮਤਕਾਰਾਂ ਨੂੰ ਅਕਾਲ ਪੁਰਖ ਦੀ ਅਚਰਜ ਕਲਾ ਦਾ ਲਖਾਇਕ ਸਮਝਦੇ ਹਨ। ਪਰ ਜੋ ਲੋਕ ਸੰਸਾਰਕ ਪਦਾਰਥਾਂ ਦੀ ਜਾਣਕਾਰੀ ਵਾਲੀ ਬੁਧੀ ਤੋਂ ਉਪਰ ਨਹੀਂ ਉਠ ਸਕਦੇ, ਉਹ ਇਨ੍ਹਾਂ ਗੱਲਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ; ਪਰ ਹੈਰਾਨ ਜ਼ਰੂਰ ਹੁੰਦੇ ਹਨ।

ਸਾਇੰਸ ਨੇ ਇਸ ਜ਼ਮਾਨੇ ਵਿਚ ਬੜੀ ਤਰੱਕੀ ਕੀਤੀ ਹੈ, ਪਰ ਇਹ ਤਰੱਕੀ ਵਾਹਿਗੁਰੂ ਦੇ ਬਣਾਏ ਹੋਏ ਪੰਜਾਂ ਤੱਤਾਂ ਦੇ ਆਸਰੇ ਹੀ ਹੈ। ਸਾਇੰਸ ਵਾਲਿਆਂ ਕੋਈ ਛੇਵਾਂ ਤੱਤ ਨਹੀਂ ਬਣਾਇਆ। ਸਾਇੰਸ ਵਾਲਿਆਂ ਨੇ ਪੰਜਾਂ ਤੱਤਾਂ ਦੇ ਉਹ ਗੁਣ ਪ੍ਰਗਟ ਕੀਤੇ ਹਨ ਜੋ ਲੋਕਾਂ ਦੀ ਜਾਣ ਪਛਾਣ ਤੋਂ ਪਰ੍ਹੇ ਸਨ; ਉਹ ਵੀ ਕੁਦਰਤੀ ਸਾਧਨਾਂ ਦੇ ਸਹਾਰੇ।

ਕਈ ਚਮਤਕਾਰ ਐਸੇ ਵਰਤਦੇ ਹਨ ਜਿਨ੍ਹਾਂ ਨੂੰ ਸਾਇੰਸਦਾਨ ਸਮਝਣ ਤੋਂ ਅਸਮਰੱਥ ਹੁੰਦੇ ਹਨ, ਜਿਹਾ ਕਿ ਮਨੁੱਖ ਤੋਂ ਇਸਤ੍ਰੀ ਬਣ ਜਾਣਾ ਤੇ ਇਸਤ੍ਰੀ ਤੋਂ ਮਨੁੱਖ ਹੋ ਜਾਣਾ। ਪਿਛਲੇ ੩੦ ਸਾਲ ਦੀ ਗੱਲ ਹੈ ਕਿ ਜਗਰਾਉਂ ਦੇ ਕੋਲ ਪਿੰਡ ਡੱਲੇ ਦੇ ਲਾਗੇ ਦੇ ਪਿੰਡ ਵਿਚ ਇਕ ਨੌਜਵਾਨ ੨੦ ਸਾਲ ਦਾ, ਲੜਕੀ ਬਣ ਗਿਆ ਸੀ, ਪਰ ਉਸ ਦਾ ਦਾੜ੍ਹਾ ਜ਼ਰੂਰ ਕਾਇਮ ਰਿਹਾ। ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਇੰਗਲੈਂਡ ਵਿਚ ਇਕ ਅੰਗਰੇਜ਼ ਸਾਇੰਸਦਾਨ ੩੯ ਬਰਸ ਦੀ ਉਮਰ ਵਿਚ ਔਰਤ ਬਣ ਗਿਆ, ਹਾਲਾਂ ਕਿ ਉਸ ਦੇ ਘਰ ਔਰਤ ਵੀ ਸੀ ਤੇ ਤਿੰਨ ਬੱਚੇ ਵੀ ਸਨ। ਇਸ ਤਰ੍ਹਾਂ ਸਰੀਰ ਦੇ ਬਦਲ ਜਾਣ ਦੀਆਂ ਕਈ ਵਾਰ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਹੀ ਰਹਿੰਦੀਆਂ ਹਨ।

ਗੁਰਬਾਣੀ ਵਿਚ ਜ਼ਿੰਦਗੀ ਦੇ ਸਭ ਪਹਿਲੂਆਂ 'ਤੇ ਲੋਕ ਪਰਲੋਕ ਦੀ ਗੁਪਤ ਪ੍ਰਗਟ ਰਚਨਾ ਦਾ ਨਿਰਣਾ ਕੀਤਾ ਹੋਇਆ ਮਿਲਦਾ ਹੈ। ਇਸ ਤਰ੍ਹਾਂ ਦੇ ਅਚਰਜ ਖੇਡਾਂ ਦੇ ਨਿਰਣੇ ਸੰਬੰਧੀ ਅਸੀਂ ਸਾਰੰਗ ਰਾਗ ਵਿਚੋਂ ਕਬੀਰ ਜੀ ਦਾ ਸ਼ਬਦ ਹੇਠਾਂ ਦਰਜ ਕਰਦੇ ਹਾਂ। ਜਿਸ ਤੋਂ ਪਤਾ ਲਗਦਾ ਹੈ ਕਿ ਵਾਹਿਗੁਰੂ ਦੀ ਸਮਰੱਥਾ ਕੈਸੀ ਅਚਰਜ ਹੈ :– ਰਾਜਾਸ੍ਰਮ ਮਿਤ ਨਹੀ ਜਾਨੀ ਤੇਰੀ ॥

ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥
ਹਸਤੋ ਜਾਇ ਸੁ ਰੋਵਤ ਆਵੈ ਰੋਵਤੁ ਜਾਇ ਸੁ ਹਸੈ ॥
ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ ॥੧॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਆਕਾਸਿ ਗਿਰਾਵੈ ॥੨॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮ ਤਿਸੁ ਮੂਰਤਿ ਬਲਿਹਾਰੀ॥੪॥੨॥–ਸਾਰੰਗ ਕਬੀਰ ਜੀ–੧੨੫੨



www.AKJ.Org

**ਅਰਥ** :–ਹੇ ਰਾਜ ਆਸ਼੍ਰਮ ਵਾਲੇ ! ਤੇਰੀ ਗਤਿ ਮਿਤ, ਤੇਰੀ ਅਵਸਥਾ ਤੇ ਹੱਦ ਦਾ ਬਿਆਨ ਨਹੀਂ ਹੋ ਸਕਦਾ। ਰਾਜ-ਆਸ਼੍ਰਮ ਵਾਲਾ ਇਸ ਲਈ ਕਿਹਾ ਹੈ ਕਿ ਵਾਹਿਗੁਰੂ ਦੇ ਦਰਬਾਰ ਤੇ ਬਾਦਸ਼ਾਹੀ ਜਿੱਡਾ ਨਾ ਕਿਸੇ ਦਾ ਦਰਬਾਰ ਤੇ ਨਾ ਬਾਦਸ਼ਾਹੀ ਹੈ। "ਕੋਊ ਹਰਿ ਸਮਾਨਿ ਨਹੀ ਰਾਜਾ" (੮੫੬) ਦਾ ਭਾਵ ਹੈ।

–ਅਸੀਂ ਤੇਰੇ ਸੰਤਾਂ ਦੇ ਦਾਸ ਹਾਂ।

ਵਾਹਿਗੁਰੂ ਦੀ ਗਤੀ ਅਤੇ ਖੇਡ ਐਸੀ ਅਚਰਜ ਹੈ,

–ਹੱਸਦੇ ਜਾਣ ਸੋ ਰੋਂਦੇ ਆਉਣ, ਤੇ ਰੋਂਦੇ ਜਾਣ ਤਾਂ ਹੱਸਦੇ ਆਉਣ।

–ਵਸਦੇ ਥਾਂ ਉਜੜ ਜਾਣ ਤੇ ਉਜੜ ਵਿਚ ਵਸੋਂ ਹੋ ਜਾਏ।

–ਜਿਥੇ ਪਾਣੀ ਹੈ ਉਥੇ ਖ਼ੁਸ਼ਕੀ ਹੋ ਜਾਏ ਅਤੇ ਖ਼ੁਸ਼ਕੀ ਵਾਲੇ ਥਾਂ ਪਹਾੜ ਬਣ ਜਾਣ।

–ਜੋ ਧਰਤੀ ਤੇ ਨੀਵੇਂ ਹਨ ਉਨ੍ਹਾਂ ਨੂੰ ਉੱਚਾ ਕਰ ਦੇਵੇ, ਤੇ ਜਿਨ੍ਹਾਂ ਦੀ ਗੁੱਡੀ ਅਸਮਾਨ ਤੇ ਚੜ੍ਹੀ ਹੋਈ ਹੈ, ਉਹ ਥਲੇ ਡਿਗ ਪੈਣ।

–ਉਹ ਚਾਹੇ ਤਾਂ ਮੰਗਤੇ ਨੂੰ ਰਾਜ ਬਖਸ਼ ਦੇਵੇ ਤੇ ਰਾਜਿਆਂ ਨੂੰ ਭੀਖ ਮੰਗਾ ਦੇਵੇ।

–ਮਹਾਂ ਮੂਰਖਾਂ ਨੂੰ ਪੰਡਤ ਬਣਾ ਦੇਵੇ ਤੇ ਪੰਡਤ ਨੂੰ ਮੂਰਖ।

–ਉਹ ਇਸਤ੍ਰੀ ਤੋਂ ਪੁਰਖ ਬਣਾ ਦਿੰਦਾ ਹੈ ਤੇ ਮਨੁਖ ਤੋਂ ਇਸਤ੍ਰੀ।

–ਕਬੀਰ ਜੀ ਕਹਿੰਦੇ ਹਨ ਕਿ ਉਹ ਸੰਤਾਂ ਭਗਤਾਂ ਦਾ ਪਿਆਰਾ ਹੈ, ਅਸੀਂ ਉਸ ਵਾਹਿਗੁਰੂ ਦੇ ਸਰੂਪ ਉਪਰੋਂ ਕੁਰਬਾਨ ਜਾਂਦੇ ਹਾਂ।

ਜੋ ਕੌਤਕ ਵਾਹਿਗੁਰੂ ਦੀ ਅਚਰਜਤਾ ਦੇ ਇਸ ਸ਼ਬਦ ਵਿਚ ਦਸੇ ਹਨ, ਉਹ ਸੰਸਾਰ ਵਿਚ ਸਦਾ ਵਰਤਦੇ ਹੀ ਰਹਿੰਦੇ ਹਨ। ਸੰਸਾਰ ਵਿਚ ਕੋਈ ਚੀਜ਼, ਕੋਈ ਜੀਵ ਸਦਾ ਇਕੋ ਹਾਲਤ ਵਿਚ ਸਥਿਰ ਨਹੀਂ ਰਹਿੰਦਾ। ਕੰਗਾਲਾਂ ਤੋਂ ਰਾਜੇ ਤੇ ਰਾਜਿਆਂ ਤੋਂ ਕੰਗਾਲ ਹੁੰਦੇ ਨਿਤ ਵੇਖਣ ਵਿਚ ਆਉਂਦੇ ਹਨ। ਇਸੇ ਤਰ੍ਹਾਂ ਹਰ ਇਕ ਦੀ ਹਾਲਤ ਬਦਲਦੀ ਰਹਿੰਦੀ ਹੈ। ਇਸ ਕਰਕੇ ਵਾਹਿਗੁਰੂ ਨਾਲ ਪ੍ਰੇਮ ਕਰਨ ਤੇ ਉਸ ਦਾ ਸਿਮਰਨ-ਭਜਨ ਹੀ ਸਭ ਤੋਂ ਮੁਖ ਚੀਜ਼ ਹੈ। ਉਸ ਦੇ ਕੀਤੇ ਕੰਮਾਂ ਪਰ ਉਟੰਕਣ ਕਰਨ ਦੀ ਲੋੜ ਨਹੀਂ। ["ਗੁਰਮਤਿ ਲੇਖ" ਪੁਸਤਕ ਵਿਚੋਂ

---

[ਸਫ਼ਾ ੧੫ ਦੀ ਬਾਕੀ]

ਗੁਰੂ ਖ਼ਾਲਸਾ ਜੀ ! ਇਹ ਇਕ ਡੇਰੇ ਦੀ ਹਾਲਤ ਨਹੀਂ, ਪੰਜਾਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਨ੍ਹਾਂ ਬੁੱਤ-ਪੁਜਾਰੀਆਂ ਦੀ ਬੀਮਾਰੀ ਫੈਲ ਰਹੀ ਹੈ। ਇਹਨਾਂ ਨੇ ਗੁਰੂ-ਘਰ ਦੀਆਂ ਪੁਰਾਣੀਆਂ ਰਹਿਤ-ਮਰਿਆਦਾਵਾਂ ਨੂੰ ਵਿਸਾਰ ਕੇ ਨਵੀਆਂ ਆਪਣੀਆਂ, ਘਰ ਦੀਆਂ ਮਰਿਆਦਾ ਘੜ ਲਈਆਂ। ਆਪਣੇ ਅਲੱਗ "ਨਿਤਨੇਮ" ਬਣਾ ਲਏ। ਦਸਾਂ ਪਾਤਸ਼ਾਹੀਆਂ ਦੇ ਜਨਮ ਤੇ ਸ਼ਹੀਦੀ ਦਿਵਸ ਭੁਲ ਕੇ ਸਾਧਾਂ ਦੀਆਂ ਬਰਸੀਆਂ ਮਨਾਉਣ ਲੱਗ ਪਏ ਹਨ। ਅੰਮ੍ਰਿਤ ਛਕਾਉਣ ਲੱਗੇ ਕਿਸੇ ਨੂੰ ਰਹਿਤ ਮਰਯਾਦਾ ਨਹੀਂ ਸਮਝਾਉਂਦੇ,ਸਿਮਰਨ ਨਹੀਂ ਕਰਾਉਂਦੇ, ਨਾ ਹੀ ਪੰਜ ਕਕਾਰਾਂ ਵਿਚ ਪਰਪੱਕ ਰਹਿਣ ਲਈ ਸੰਗਤ ਨੂੰ ਪ੍ਰੇਰਦੇ ਹਨ। ਖ਼ੁਦ ਆਪ ਪੰਜ ਕਕਾਰਾਂ ਤੋਂ ਵਾਂਝੇ ਚਿੱਟੀਆਂ ਕਾਰਾਂ ਵਿਚ ਆਦਮ-ਬੋ, ਆਦਮ-ਬੋ ਕਰਦੇ ਪਿੰਡਾਂ ਵਿੱਚ ਟੋਲੇ ਬਣਾ ਬਣਾ ਫਿਰਦੇ ਹਨ। ਬੁੱਤਾਂ ਦੀ ਪੂਜਾ ਕਰਨਾ ਹੀ ਇਹਨਾਂ ਦਾ "ਨਿੱਤਨੇਮ" ਹੈ ਅਤੇ ਲੋਕਾਂ ਦੇ ਚੜ੍ਹਾਵੇ ਪਿੱਛੇ ਝਟਮ-ਝਾਟੀ ਤੇ ਖੋਹੋ-ਖੋਹੀ ਹੋਣਾ ਇਹਨਾਂ ਦਾ ਮੁਖ ਕੰਮ ਹੈ। ਦਸਾਂ ਨਹੁੰਆਂ ਦੀ ਕਿਰਤ ਕਮਾਈ, ਵੰਡ ਛੱਕਣਾ, ਨਾਮ ਜਪਣਾ, ਮਿੱਠਾ ਬੋਲਣਾ ਇਹਨਾਂ ਦੇ ਪਰਮ ਧਰਮ ਤੋਂ ਦੂਰ ਦੀ ਗੱਲ ਹੈ।

ਸੋ ਗੁਰੂ ਖਾਲਸਾ ਜੀ ! ਏਸ 'ਕੂਰ ਕ੍ਰਿਆ' ਦੇ ਵਿਚ ਉਲਝੇ ਹੋਏ ਇਹਨਾਂ ਬੁੱਚੜਾਂ ਤੋਂ ਸਾਵਧਾਨ ਹੋਣ ਦੀ ਲੋੜ ਹੈ। ਬੁੱਤ ਪੂਜਣਾ ਸਾਡੇ ਸਿੱਖ ਧਰਮ ਦਾ ਮੰਤਵ ਬਿਲਕੁਲ ਨਹੀਂ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਹੋਰ ਅੱਗੇ ਮੱਥਾ ਟੇਕਣਾ ਜਾਂ ਨੱਕ ਰਗੜਨਾ ਗੁਰੂ ਤੋਂ ਬੇਮੁੱਖ ਹੋਣਾ ਹੈ। ਸੋ ਆਪਣੇ ਗੁਰੂ ਤੋਂ ਬੇਮੁਖ ਹੋ ਕੇ ਜਨਮਾਂ-ਜਨਮਾਂਤਰਾਂ ਦੇ ਵਿਯੋਗ ਨੂੰ ਨਾ ਸਹੇੜੋ।



www.AKJ.Org

# ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

[ਪ੍ਰਿੰਸੀਪਲ ਗੁਰਮੁਖ ਸਿੰਘ ਜੀ] (ਬਿਲਾਵਲੁ ਮ: ੫)

ਮੇਰਾ ਛੋਟਾ ਵੀਰ ਭਾਰਤੀ ਨੇਵੀ ਦੇ ਆਫ਼ੀਸਰ ਟ੍ਰੇਨਿੰਗ ਦਾ ਕੋਰਸ ਕਰ ਰਿਹਾ ਸੀ। ਸ਼ਾਇਦ ੨ ਸਾਲ ਦਾ ਕੋਰਸ ਸੀ। ਕੋਰਸ ਦੇ ਅੰਤ ਤੇ ਕਰੜੀ ਪ੍ਰੀਖਿਆ ਹੁੰਦੀ ਹੈ। ਜਦੋਂ ਪ੍ਰੀਖਿਆ ਦਾ ਸਮਾਂ ਨੇੜੇ ਆਇਆ ਤਾਂ ਮੇਰੇ ਵੀਰ ਨੇ ਮੈਨੂੰ ਚਿਠੀ ਪਾਈ ਕਿ ਸਥਾਨਕ ਕੀਰਤਨੀ ਸਤਿਸੰਗੀਆਂ ਤੋਂ ਇਕ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਕਰਾਵਾਂ, ਜਿਸ ਵਿੱਚ ਗੁਰੂ ਪਾਤਸ਼ਾਹ ਅਗੇ ਇਮਤਿਹਾਨ ਵਿਚ ਸਫ਼ਲਤਾ ਲਈ (ਉਹਨਾਂ ਵਲੋਂ) ਅਰਦਾਸ ਕੀਤੀ ਜਾਵੇ। ਉਸੇ ਅਨੁਸਾਰ ਸਥਾਨਕ ਸਤਿਸੰਗੀਆਂ ਨੇ ਸ੍ਰੀ ਅਖੰਡ ਪਾਠ ਦੀ ਪਰਵਾਨਗੀ ਦੇ ਦਿਤੀ, ਪਰ ਕੁਦਰਤ ਨੇਤ, ਜੋ ਪ੍ਰੋਗਰਾਮ ਪਹਿਲਾਂ ਤੋਂ ਨਿਸਚਿਤ ਹੋਏ ਹੋਏ ਸਨ, ਉਹਨਾਂ ਨੂੰ ਜਿਉਂ ਕਾ ਤਿਉਂ ਰਹਿਣ ਦਿਤਾ ਗਿਆ ਤੇ ਭਾਈ ਸਾਹਿਬ ਦਾ ਬੇਨਤੀ ਵਾਲਾ ਸਮਾਗਮ ਕੁਝ ਲੇਟ ਹੋ ਗਿਆ। ਸਾਨੂੰ ਉਹਨਾਂ ਨੇ ਇਮਤਿਹਾਨ ਦੀ ਨਿਸਚਿਤ ਤਾਰੀਖ਼ ਨਹੀਂ ਸੀ ਲਿਖੀ, ਨਹੀਂ ਤਾਂ ਸ਼ਾਇਦ ਅਸੀਂ ਇਹ ਸਮਾਗਮ ਹਫ਼ਤਾ ਦੋ ਹਫ਼ਤੇ ਪਹਿਲਾਂ ਹੀ ਕਰਵਾ ਲੈਂਦੇ।

ਖ਼ੈਰ, ਉਹ ਵਡਭਾਗਾ ਦਿਨ ਆ ਗਿਆ, ਜਿਸ ਦੀ ਅਸੀਂ ਚਾਈਂ ਚਾਈਂ ਉਡੀਕ ਕਰ ਰਹੇ ਸੀ। ਪਾਠੀ ਸਿੰਘਾਂ ਨੇ ਆ ਕੇ ਸਾਡੇ ਗ੍ਰਿਹਿ ਵਿਖੇ ਸ੍ਰੀ ਅਖੰਡ ਪਾਠ ਸਬੰਧੀ ਮੁਕੰਮਲ ਪ੍ਰਬੰਧ ਸੰਪੂਰਨ ਕਰ ਲਏ ਸੀ ਕਿ ਸ਼ਾਮ ਨੂੰ ਡਾਕ ਰਾਹੀਂ ਮੈਨੂੰ ਭਾਈ ਸਾਹਿਬ ਦੀ ਇਕ ਚਿਠੀ ਆਈ ਕਿ ਉਹਨਾਂ ਦਾ ਇਮਤਿਹਾਨ ਹੋ ਚੁਕਾ ਹੈ ਤੇ ਨਤੀਜਾ ਭੀ ਨਿਕਲ ਗਿਆ ਹੇ। ਪਰ ਅਫ਼ਸੋਸ ! ਉਹ ਫੇਲ੍ਹ ਹੋ ਗਏ ਹਨ। ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਅਜੇ ਤਾਂ ਉਹਨਾਂ ਦੀ ਸਫਲਤਾ ਲਈ ਸ੍ਰੀ ਅਖੰਡ ਪਾਠ ਹੀ ਨਹੀਂ ਰਖੇ ਗਏ।

ਮੇਰੇ ਮਨ ਦੀ ਅਜੀਬ ਦਸ਼ਾ ਸੀ। ਸਿਦਕ ਦਾ ਮੁਕਾਮ ਹੈ। ਪਾਠ ਦੀ ਤੇ ਸਮਾਗਮ ਦੀ ਮੁਕੰਮਲ ਤਿਆਰੀ ਹੋ ਚੁਕੀ ਹੈ। ਪਰ ਜਿਸ ਮਨੋਰਥ ਲਈ ਸਮਾਗਮ ਕਰਨਾ ਹੈ ਉਹ ਤਾਂ ਸੰਸਾਰਕ ਦ੍ਰਿਸ਼ਟੀ ਤੋਂ ਅਤੇ ਤਰਕ-ਬੋਧ ਦੀ ਦ੍ਰਿਸ਼ਟੀ ਤੋਂ ਪਹਿਲਾਂ ਹੀ ਖ਼ਤਮ ਹੋ ਚੁਕਾ ਸੀ। ਮੇਰੀ ਸਿੰਘਣੀ ਨੇ ਸਲਾਹ ਦਿਤੀ ਕਿ ਸਮਾਗਮ ਜ਼ਰੂਰ ਕਰਵਾਇਆ ਜਾਵੇ। ਸਚੇ ਪਾਤਸ਼ਾਹ ਦੇ ਗ੍ਰਿਹਿ ਵਿਖੇ ਚਰਨ ਪੈਣਗੇ, ਬਾਣੀ ਦਾ ਪ੍ਰਵਾਹ ਚਲੇਗਾ, ਆਏ ਗਏ ਸਤਿਸੰਗੀਆਂ ਦੀ ਸੇਵਾ ਦਾ ਸੁੰਦਰ ਅਉਸਰ ਹੈ, ਇਹ ਹਥੋਂ ਨਹੀਂ ਗਵਾਉਣਾ ਚਾਹੀਦਾ। ਤੇ ਨਾਲ ਹੀ ਤਾਕੀਦ ਕੀਤੀ ਕਿ ਇਸ ਗਲ ਦਾ ਕਿਸੇ ਨਾਲ ਕੋਈ ਜ਼ਿਕਰ ਨਹੀਂ ਕਰਨਾ, ਨਹੀਂ ਤਾਂ ਸਭ ਦੇ ਮਨ ਢਹਿ ਜਾਣਗੇ। ਪਾਠ ਚੜ੍ਹਦੀ ਕਲਾ ਵਿਚ ਹੋਣਾ ਚਾਹੀਦਾ ਹੈ।

ਮਰਯਾਦਾ ਅਨੁਸਾਰ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ, ਉਪਰੰਤ ਸ੍ਰੀ ਅਖੰਡਪਾਠ ਸਾਹਿਬ ਅਰੰਭ ਹੋਏ। ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਆਦਿ-ਮਧ-ਅੰਤਿ ਪਾਠ ਨਿਰਵਿਘਨ ਅਤੇ ਚੜ੍ਹਦੀਆਂ ਕਲਾਂ ਵਿੱਚ ਸੰਪੂਰਨ ਹੋਇਆ, ਫਿਰ ਕੀਰਤਨ ਦੀਆਂ ਘੁਮਰਾਂ ਪਈਆਂ। ਅਰਦਾਸੀਆ ਸਿੰਘ ਨਾਮ ਰਸੀਆ ਸੀ। ਉਸ ਨੇ ਐਨ ਮਨੋਰਥ ਅਨੁਸਾਰ ਅਰਦਾਸ ਬੇਨਤੀ ਕੀਤੀ ਕਿ ਭਾਈ ਮਨਜੀਤ ਸਿੰਘ ਦੇ ਅੰਗ ਸੰਗ ਹੋ ਕੇ ਕਾਰਜ ਰਾਸ ਕਰੇ, ਸਫਲਤਾ ਬਖਸ਼ੇ।

ਮੇਰੇ ਤੇ ਪਛਮੀ ਵਿਦਿਆ ਦਾ ਬੜਾ ਅਸਰ ਹੈ। ਪਛਮੀ ਵਿਦਿਆ ਦਾ ਸਭ ਤੋਂ ਵੱਡਾ ਅਵਗੁਣ ਇਹੋ ਹੈ ਕਿ ਦਿਸਦੀ ਕੁਦਰਤਿ, ਤੇ ਕੁਦਰਤਿ ਵਿੱਚ ਵਰਤ ਰਹੇ ਜੋਤਿ-ਸਰੂਪ ਕਾਦਰ ਦੇ ਅਦ੍ਰਿਸ਼ਟ ਵਰਤਾਰੇ ਨੂੰ ਤਰਕ ਦੀ ਕਸਉਟੀ ਤੇ ਪਰਖਣਾ, ਭਾਵ ਹਰ ਗੱਲ ਉਤੇ ਸ਼ੰਕਾ ਕਰਨਾ ਤੇ ਫਿਰ ਮਨ ਦੀ ਤਸੱਲੀ ਲਈ ਬੁਧੀ ਤੇ ਜ਼ੋਰ ਪਾਉਣਾ ਕਿ ਇਸ ਨੂੰ ਸੁਲਝਾਇਆ ਕਿੰਜ ਜਾ ਸਕਦਾ ਹੈ। ਮੈਨੂੰ ਬੜੇ ਚਿਰ ਬਾਅਦ ਇਹ ਸਮਝ ਆਈ ਕਿ ਬਾਣੀ ਵਿੱਚ ਇਸਨੂੰ ਬੀਮਾਰੀ ਆਖਿਆ ਹੈ। ਮਨ ਦੀ ਇਸ ਬੀਮਾਰੀ ਨੂੰ ਉਪਾਧੀ ਰੋਗ ਕਹਿੰਦੇ ਹਨ। ਭਾਵ



www.AKJ.Org

ਮਨ ਸ਼ੰਕੇ ਅਤੇ ਭਰਮ-ਵਸ ਹੋ ਕੇ ਕਈ ਕਿਸਮ ਦੇ ਸਵਾਲ ਕਰ ਬਹਿੰਦਾ ਹੈ, ਜਿਸ ਦਾ ਉਸ ਪਾਸ ਜਵਾਬ ਨਾ ਹੋਣ ਤੇ ਉਹ ਅੰਦਰੋਂ ਉਖੜਿਆ ਉਖੜਿਆ ਰਹਿੰਦਾ ਹੈ।

ਖ਼ੈਰ, ਅਰਦਾਸੀਏ ਸਿੰਘ ਦੀ ਅਰਦਾਸ ਸੁਣ ਕੇ ਮੈਂ ਭੀ ਆਪਣੇ ਅੰਦਰ ਇਹ ਕਹਿ ਰਿਹਾ ਸਾਂ ਕਿ ਲਾਟਰੀ ਨਿਕਲਣ ਤੋਂ ਬਾਅਦ ਸਚੇ ਪਾਤਸ਼ਾਹ ਅਗੇ ਇਹੋ ਜਿਹੀ ਅਰਦਾਸ ਕਰਨੀ ਇਕ ਹਾਸੋ-ਹੀਣੀ ਗੱਲ ਹੈ। ਮੇਰੇ ਭਾਅ ਦਾ ਤਾਂ ਸਾਰਾ ਸਮਾਗਮ ਰਸਮੀ ਕਾਰਵਾਈ ਜਾਪਦਾ ਸੀ। ਮੇਰੀ ਬੁਧੀ ਅਜੇ ਉਥੇ ਨਹੀਂ ਸੀ ਪੁਜ ਸਕੀ– "ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥"

ਪੰਗਤਾਂ ਲਗ ਗਈਆਂ, ਲੰਗਰ ਵਰਤੇ, ਸਭ ਸਤਿਸੰਗੀ ਖੁਸ਼ੀਆਂ ਭਰੇ ਹੁਲਾਸ ਨਾਲ ਅਸੀਸਾਂ ਵੰਡਦੇ ਵਿਦਾ ਹੋਏ। ਪੂਰੇ ਇਕ ਮਹੀਨੇ ਬਾਅਦ ਮੇਰੇ ਭਾਈ ਸਾਹਿਬ ਦੀ ਚਿਠੀ ਆਈ ਕਿ ਉਹਨਾਂ ਦੀ ਬਤੌਰ ਅਫ਼ਸਰ ਦੇ ਤਰੱਕੀ ਹੋ ਗਈ ਹੈ ਤੇ ਉਹ ਕੁਝ ਦਿਨਾਂ ਵਿੱਚ ਹੀ ਸਾਡੇ ਪਾਸ ਪੁਜ ਰਹੇ ਹਨ। ਮਿਥੇ ਹੋਏ ਦਿਨ ਭਾਈ ਸਾਹਿਬ ਆ ਗਏ। ਪਰ ਅਸੀਂ ਹੈਰਾਨ ਸਾਂ ਕਿ ਫ਼ੇਲ੍ਹ ਹੋ ਕੇ ਵੀ ਕੋਈ ਅਫ਼ਸਰ ਬਣ ਸਕਦਾ ਹੈ!

ਅਸੀਂ ਉਤਾਵਲੇ ਸਾਂ ਕਿ ਇਹ ਆਖ਼ਰ ਕਿਵੇਂ ਹੋਇਆ? ਸਾਡਾ ਮਨ ਬੜਾ ਪਰੇਸ਼ਾਨ, ਸਾਡੀ ਸੋਚ-ਸ਼ਕਤੀ ਇਸ ਕ੍ਰਿਸ਼ਮੇ ਤੋਂ ਹਾਰ ਕੇ ਲਾ-ਜਵਾਬ ਹੋ ਕੇ, ਭਾਈ ਸਾਹਿਬ ਵਲ ਤਕ ਰਹੀ ਸੀ। ਭਾਈ ਸਾਹਿਬ ਨੇ ਦਸਿਆ ਕਿ ਪੰਦਰਾਂ ਵੀਹ ਦਿਨ ਹੋਏ, ਨੇਵੀ ਦੇ ਕੁਝ ਅਫਸਰ ਆਪਣੇ ਹਵਾਈ ਜਹਾਜ਼ ਨੂੰ ਸਮੁੰਦਰੀ ਜਹਾਜ਼ ਦੀ ਪਟੜੀ ਤੇ ਉਤਾਰ ਰਹੇ ਸਨ ਕਿ ਅਚਾਨਕ ਉਨ੍ਹਾਂ ਦਾ ਜਹਾਜ਼ ਸਮੁੰਦਰ ਤਲ ਤੇ ਉਤਰ ਗਿਆ ਤੇ ਡੁਬ ਗਿਆ। ਸਾਰੇ ਦੇ ਸਾਰੇ ੧੦-੧੨ ਅਫ਼ਸਰ ਇਕ-ਦਮ ਖ਼ਤਮ ਹੋ ਗਏ। ਜਿਥੇ ਇਹ ਘਟਨਾ ਨੇਵੀ ਫੌਜ ਲਈ ਦੁਖਦਾਈ ਸੀ ਉਥੇ ਫੌਜੀ ਅਧਿਕਾਰੀਆਂ ਲਈ ਚਿੰਤਾ ਦਾ ਵਿਸ਼ਾ ਸੀ ਕਿ ਤਰੱਕੀ ਦੇ ਕੇ ਅਫ਼ਸਰ ਕਿਥੋਂ ਭਰਤੀ ਕੀਤੇ ਜਾਣ, ਜਦੋਂ ਕਿ ਹਰ ਅਫ਼ਸਰ ਨੂੰ ੧-੨ ਸਾਲ ਦੀ ਟ੍ਰੇਨਿੰਗ ਦੇਣੀ ਪੈਂਦੀ ਹੈ।

ਬੜੀ ਡੂੰਘੀ ਸੋਚ ਵਿਚਾਰ ਉਪ੍ਰੰਤ ਇਹ ਫੈਸਲਾ ਕੀਤਾ ਗਿਆ ਕਿ ਮਾਰਜਿਨ ਤੇ ਫ਼ੇਲ੍ਹ ਹੋਣ ਵਾਲਿਆਂ ਨੂੰ ਕੁਝ ਨੰਬਰਾਂ ਦੀ ਗਰੇਸ ਛੋਟ ਦੇ ਕੇ ਪਾਸ ਕੀਤਾ ਜਾਏ ਤੇ ਅਫ਼ਸਰ ਬਣਾਇਆ ਜਾਏ। ਮੇਰੇ ਭਾਈ ਸਾਹਿਬ ਨੂੰ ਸਤਿਗੁਰੂ ਜੀ ਵਲੋਂ ਗਰੇਸ ਮਿਲ ਗਈ। ਉਸ ਅਰਦਾਸੀਏ ਦੀ, ਤੇ ਸਮੂਹ ਸੰਗਤ ਦੀ ਬੇਨਤੀ ਦਰ ਪਰਵਾਨ ਹੋਈ। "ਹਾਥ ਦੇਇ ਰਾਖੈ ਅਪਨੇ ਕਉ" ਦਾ ਜ਼ਾਹਰਾ ਕ੍ਰਿਸ਼ਮਾ ਵਰਤਿਆ।

ਉਦੋਂ ਤੋਂ ਮੇਰਾ ਮਨ ਕੁਝ ਕੁਝ ਮੰਨਣ ਲਗ ਪਿਆ ਹੈ ਕਿ ਸਾਡੀ ਸੋਚ ਦਾ ਘੇਰਾ ਕਿੱਡਾ ਸੀਮਤ ਹੈ ਤੇ ਉਸ ਦੀ ਰਜ਼ਾ ਦਾ ਘੇਰਾ ਕਿੱਡਾ ਵਿਸ਼ਾਲ।

ਅਸੀਂ ਭਾਈ ਸਾਹਿਬ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਸਮਾਗਮ ਅਤੇ ਆਪਣੀ ਦੁਚਿਤੀ ਦੀ ਦਾਸਤਾਨ ਸੁਣਾਈ। ਉਹ ਤਾਂ ਗੁਰੂ ਪਾਤਸ਼ਾਹ ਦੇ ਸ਼ੁਕਰ ਵਿਚ ਨਿਵ ਨਿਵ ਜਾਂਦੇ, ਪਰ ਅਸੀਂ ਆਪਣੀ ਦੁਚਿਤੀ ਤੇ ਸ਼ਰਮਸਾਰ ਹੋ ਰਹੇ ਸਾਂ।

---

## ਡਾਕਟਰ ਸੁਰਿੰਦਰ ਸਿੰਘ ਜੀ ਅਕਾਲ ਚਲਾਣਾ ਕਰ ਗਏ

ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਪਿਆਰੇ ਰੰਗਲੇ ਸਜਣ "ਹੀਰਾ ਹਰਬਚਨ ਸਿੰਘ ਜੀ" ਦੇ ਗੁਰਮੁਖ ਲਾਲ, ਡਾਕਟਰ ਸੁਰਿੰਦਰ ਸਿੰਘ ਜੀ ਸਦਾ ਸਤਿਗੁਰਾਂ ਦੇ ਹੁਕਮਾਂ ਵਿਚ ਬੈਰਾਗੀ ਤਿਆਗੀ ਜੀਵਨ ਵਿਚ ਹੀ ਵਿਚਰਦੇ ਰਹੇ ਅਤੇ ਗੁਮਨਾਮ ਰਹਿੰਦਿਆਂ ਹੋਇਆਂ ਹੀ ਚੰਡੀਗੜ੍ਹ ਵਿਖੇ ੧੪ ਮਈ ੮੩ ਨੂੰ ਕਰਨਲ ਬੈਰਾੜ ਦੀ ਕੋਠੀ ਵਿਚ ਅਰੂਪ ਦੇਸ਼ ਨੂੰ ਉਡਾਰੀਆਂ ਮਾਰ ਗਏ। ਡਾਕਟਰ ਸਾਹਿਬ ਦੀ ਹਦਾਇਤ ਅਨੁਸਾਰ ਕਿਸੇ ਨੂੰ ਵੀ ਪਹਿਲਾਂ ਖ਼ਬਰ ਨਾ ਦਿਤੀ ਗਈ। ਉਨ੍ਹਾਂ ਦੀ ਪਿਆਰ ਭਰੀ ਮਿਠੀ ਯਾਦ ਵਿਚ ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਵਲੋਂ, ਥਾਂ ਥਾਂ ਗੁਰਬਾਣੀ ਪਾਠ ਅਤੇ ਕੀਰਤਨ ਸਮਾਗਮ ਹੋ ਰਹੇ ਹਨ।



www.AKJ.Org

# ਕੋਊ ਬੁਤਾਨ ਕੋ ਪੂਜਤ ਹੈ ਪਸੁ (ਸਵੱਯੇ ਪਾ: ੧੦)

[ਸ: ਅਮਰਜੀਤ ਸਿੰਘ ਜੀ, ਸੌਇਲ ਵਿਭਾਗ, ਖੇਤੀ ਯੂਨੀਵਰਸਿਟੀ, ਲੁਧਿਆਣਾ]

ਪੰਜਾਬ ਵਿਚਲੇ ਹੀ ਇਕ ਡੇਰੇ ਵਿਚ ਜਾਣ ਦਾ ਮੌਕਾ ਮਿਲਿਆ। ਬੜਾ ਸੋਹਣਾ ਡੇਰਾ ਸਵਰਗ ਦੀ ਝਾਕੀ ਪੇਸ਼ ਕਰਦਾ ਹੈ। ਲੋਕ ਵੀ ਹੜ੍ਹ ਵਾਂਗੂ ਆਉਂਦੇ ਜਾਂਦੇ ਹਨ। ਵੱਡਾ ਹਾਲ (ਕਰੋੜਾਂ ਰੁਪਏ ਦਾ ਬਣਿਆ) ਲੰਘ ਕੇ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ ਵਿਚ ਪੁਜੀਦਾ ਹੈ। ਇਹ ਵੀ ਬਹੁਤ ਖੁਲ੍ਹਾ ਡੁਲ੍ਹਾ ਹੈ। ਸਾਹਮਣੇ ਗੁਰੂ ਸਾਹਿਬ ਜੀ ਪ੍ਰਕਾਸ਼ਮਾਨ ਹਨ। ਪਰ ਜਿਹੜਾ ਅਡੰਬਰ ਉਥੇ ਵੇਖਣ ਨੂੰ ਮਿਲਿਆ ਉਹ ਇਹ ਕਿ ਗੁਰੂ ਸਾਹਿਬ ਜੀ ਦੇ ਨਾਲ ਸੱਜੇ ਖੱਬੇ ਦੋ ਲੱਕੜ (ਪਲਾਈ) ਦੇ ਆਦਮ-ਕੱਦ ਬੁੱਤ। ਇਕ ਦੇ ਗਲ ਵਿਚ ਹਾਰ ਪਾ ਕੇ ਖੜਾ ਕੀਤਾ ਹੋਇਆ ਹੈ, ਦੂਸਰਾ ਬੁੱਤ ਬਿਠਾ ਕੇ ਵਾਜੇ ਨਾਲ ਕੀਰਤਨ ਕਰਦਾ ਦਿਖਾਇਆ ਗਿਆ ਹੈ। ਦੋਹਾਂ ਦੇ ਗਲ ਵਿਚ ਕੀਮਤੀ ਹਾਰ ਹਨ। ਸੰਗਤ ਕੀ ਕਰਦੀ ਹੈ? ਪਹਿਲਾਂ ਮੱਥਾ ਜ਼ਰੂਰ ਸਾਹਿਬ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਹੀ ਟੇਕਿਆ ਜਾਂਦਾ ਹੈ ਤੇ ਦਸ ਪੈਸੇ ਜਾਂ ਪੰਜ ਪੈਸੇ ਦੂਰੋਂ ਹੀ ਵਗਾਹ ਕੇ ਮਾਰੇ ਜਾਂਦੇ ਹਨ। ਫੇਰ! ਸੰਗਤ ਲਕੜ ਦੇ ਬੁੱਤਾਂ ਵਲ ਵਧਦੀ ਹੈ, ਪੈਰਾਂ ਨੂੰ ਹੱਥ ਲਾਏ ਜਾਂਦੇ ਹਨ, ਸਿਜਦੇ ਕੀਤੇ ਜਾਂਦੇ ਹਨ, ਨੱਕ ਰਗੜਦੇ ਹਨ, ਕੀਰਨੇ ਪਾਉਂਦੇ ਹਨ, ਅਤੇ ਪੰਜ ਰੁਪਏ ਤੋਂ ਲੈ ਕੇ ਪੰਜਾਹ ਰੁਪਏ ਤਕ ਦੜ੍ਹਾਵਾ ਚੜ੍ਹਾਉਂਦੇ ਹਨ। ਪ੍ਰਬੰਧਕ ਬੜੇ ਖੁਸ਼ ਹਨ। ਮੁਰਦਾ ਬੁੱਤ ਰੋਜ਼ਾਨਾ ਹਜ਼ਾਰਾਂ ਰੁਪਏ ਦੀ ਕਮਾਈ ਕਰਕੇ ਦਿੰਦਾ ਹੈ।

"ਨਿਤਨੇਮ" ਨਾਂ ਦੀ ਇਸ ਡੇਰੇ ਵਿਚ ਕੋਈ ਰੀਤ ਨਹੀਂ। ਥੋੜਾ ਅੱਗੇ ਚਲ ਕੇ "ਭੋਰਾ ਸਾਹਿਬ" ਦੇ ਦਰਸ਼ਨ ਹੁੰਦੇ ਹਨ। "ਭੋਰਾ ਸਾਹਿਬ" ਵਿਚ ਪੈਰ ਰੱਖਦਿਆਂ ਹੀ ਤੁਹਾਡਾ ਮਨ ਧੂਫਾਂ, ਅਗਰਬੱਤੀਆਂ ਤੇ ਅਤਰ-ਫੁਲੇਲੀ ਸੈਂਟਾਂ ਨਾਲ ਮੁਗਧ ਹੋ ਜਾਵੇਗਾ। ਮਨ ਦੀ ਤਸੱਲੀ ਤੋਂ ਮਗਰੋਂ ਅੱਖਾਂ ਦੀ ਤ੍ਰਿਪਤੀ? ਭਾਂਤ ਭਾਂਤ ਦੀਆਂ ਫੋਟੂਆਂ, ਇਕ ਨਹੀਂ, ਦਸ ਨਹੀਂ, ਸੈਂਕੜਿਆਂ ਦੀ ਗਿਣਤੀ ਵਿਚ ਕੰਧਾਂ ਉਤੇ ਸੁਸ਼ੋਭਿਤ ਹਨ। ਉਹਨਾਂ ਉਤੇ ਵੀ ਆਨਮੱਤੀ ਆਪਣੇ ਨੱਕ ਰਗੜਦੇ ਵੇਖੇ ਗਏ ਹਨ। ਥੋੜਾ ਜਿਹਾ ਅਗਲੇ ਕਮਰੇ ਵਿਚ ਚੱਲੀਏ। ਨਹੀਂ ਠਹਿਰੋ! ਇਸ ਕਮਰੇ ਵਿਚ ਜਾਣ ਤੋਂ ਪਹਿਲਾਂ ਉਪਰ ਚੁਬਾਰੀ ਵਿਚ ਜਾਣ ਦੀ ਸ਼ਰਤ ਜ਼ਰੂਰ ਪੂਰੀ ਕਰਨੀ ਪੈਂਦੀ ਹੈ। ਉਪਰ ਵੀ ਸਾਧਾਂ ਸੰਤਾਂ ਦੀਆਂ ਫੋਟੂਆਂ ਦਾ ਜੰਮਘਟਾ ਬਝਿਆ ਪਿਆ ਹੈ। ਭਾਂਤ ਭਾਂਤ ਦੇ "ਵੱਡੇ ਮਹਾਰਾਜ", "ਵੱਡੇ ਤੋਂ ਵਡੇ ਮਹਾਰਾਜ", "ਛੋਟੇ ਮਹਾਰਾਜ" ਘੋੜੇ ਦੀ ਸਵਾਰੀ ਕਰਦੇ ਹੋਏ, ਫ਼ੌਜੀ ਵਰਦੀ ਵਾਲੇ ਮਹਾਰਾਜ, ਲੰਮੇ ਚੋਲੇ ਵਾਲੇ ਮਹਾਰਾਜ, ਗੱਲ ਕੀ ਅਨੇਕਾਂ ਹੀ "ਮਹਾਰਾਜ" ਕੰਧਾਂ ਦਾ ਪਾਰ-ਉਤਾਰਾ ਕਰਨ ਲੱਗੇ ਹੋਏ ਹਨ। ਇਕ ਮਹਾਰਾਜ ਦੇਖਣ ਚਾਖਣ ਨੂੰ ਰੋਹਬ ਵਾਲਾ ਭਗਤੀ ਵਾਲਾ ਲਗਦਾ ਹੈ, ਪਰ ਪੁਛਣ ਤੇ ਪਤਾ ਲੱਗਿਆ ਕਿ ਇਹ ਮਹਾਰਾਜ ਜੀ ਸਾਰੀ ਉਮਰ ਇੰਗਲੈਂਡ ਵਿਚ ਹੀ ਏਅਰ ਕੰਡੀਸ਼ਨਡ ਕਾਰਾਂ ਵਿਚ ਜੂਸ ਪੀਂਦੇ ਰਹੇ ਤੇ ਆਪਣੀ ਜ਼ਿੰਦਗੀ ਦਾ ਆਖਰੀ ਕੀਰਤਨ ਸੋਹਿਲਾ ਉਥੇ ਹੀ ਪੜ੍ਹਿਆ। ਹੇਠਾਂ ਉਤਰੋ! ਇਹ ਕਮਰਾ "ਵੱਡੇ ਮਹਾਰਾਜ" ਦੀਆਂ ਜੁੱਤੀਆਂ ਜੋੜਿਆਂ ਨਾਲ ਭਰਿਆ ਪਿਆ ਹੈ। ਕਹਿੰਦੇ ਹਨ 'ਮਹਾਰਾਜ' ਨਿੱਤ ਜੁੱਤੀ ਨਵੀਂ ਬਦਲਦੇ ਸਨ। ਜੁੱਤੀਆਂ ਇਤਨੀਆਂ ਲਿਸ਼ਕਵੀਆਂ ਤੇ ਸੋਨੇ ਚਾਂਦੀ-ਰੰਗੀਆਂ ਹਨ ਕਿ ਬਾਟਾ ਸ਼ੂ ਕੰਪਨੀ ਨੂੰ ਫ਼ੇਲ੍ਹ ਕਰਦੀਆਂ ਹਨ। ਭਾਰਤ ਵਿਚ ਇਹੋ ਜਿਹੀ ਜੁੱਤੀ ਸਿਰਫ ਏਸੇ ਡੇਰੇ ਵਿਚੋਂ ਵੇਖਣ ਨੂੰ ਮਿਲੇਗੀ। ਅਗਲੇ ਕਮਰੇ ਵਿਚ ਮਹਾਰਾਜ ਦਾ "ਬਾਥ ਰੂਮ" ਹੈ। ਟੂਟੀਆਂ ਲੱਗੀਆਂ, ਸ਼ੀਸ਼ੇ, ਤੌਲੀਏ, ਸੈਂਟਾਂ ਵਾਲੀਆਂ ਸਾਬਣਾਂ ਆਦਿਕ ਪਏ ਹਨ।

"ਕਿਉਂ ਜੀ, ਮਹਾਰਾਜ ਸਰੋਵਰ ਵਿਚ ਨਹੀਂ ਸੀ ਨ੍ਹਾਉਂਦੇ?" ਦਾਸ ਨੇ ਸੇਵਾਦਾਰ ਨੂੰ ਪੁਛਣ ਦਾ ਹੀਆ ਕੀਤਾ। ਦਿਉ-ਕੱਦ ਸੇਵਾਦਾਰ ਲੰਮੇ ਚੋਲੇ ਵਾਲਾ ਕੜਕ ਕੇ ਬੋਲਿਆ, "ਸਰੋਵਰ ਚਿ ਨਾਉਣ ਨੂੰ ਸੰਗਤ ਥੋੜੀ ਤੁਰੀ ਫਿਰਦੀ ਹੈ!" ਦਾਸ ਨੇ ਅਗਲਾ ਕਮਰਾ ਵੇਖਣ ਦੀ ਹਿੰਮਤ ਵੀ ਨਹੀਂ ਕੀਤੀ ਤੇ ਬਾਹਰ ਆ ਗਿਆ।

[ਬਾਕੀ ਵੇਖੋ ਸਫਾ ੧੨ ਦੇ ਹੇਠ]



www.AKJ.Org

# ਸਿੱਖਾਂ ਨੂੰ ਵੀ ਅਜ਼ਾਦੀ ਮਾਨਣ ਦਾ ਅਹਿਸਾਸ ਕਰਾਓ

ਸਿਖ ਕੌਮ ਨੇ ਅਜ਼ਾਦੀ ਦੇ ਘੋਲ ਵਿਚ ਸਭ ਤੋਂ ਵਧ ਕੁਰਬਾਨੀਆਂ ਦਿਤੀਆਂ। ਭਾਰਤ ਦੀ ਸਾਰੀ ਵਸੋਂ ਦਾ ਡੇਢ ਫ਼ੀ ਸਦੀ ਹੋਣ ਦੇ ਬਾਵਜੂਦ ਵੀ, ਕੁਰਬਾਨੀਆ ਦੇਣ ਵਿਚ ਇਸ ਕੌਮ ਦੇ ਮਰਜੀਵੜਿਆਂ ਨੇ ੯੦ (ਨਵੇ) ਫ਼ੀ ਸਦੀ ਤੋਂ ਵੀ ਵਧ ਹਿੱਸਾ ਪਾਇਆ, ਜਦ ਕਿ ਰਾਜ-ਸੱਤਾ-ਪ੍ਰਾਪਤ ਪਾਰਟੀ ਗਿਣਤੀ ਤੇ ਅਧਾਰਤ ਦੇਸ਼ ਦੀ ਅਬਾਦੀ ਦਾ ੮੦ (ਅੱਸੀ) ਫ਼ੀ ਸਦੀ ਤੋਂ ਵਧ ਹੁੰਦਿਆਂ ਹੋਇਆਂ ਵੀ, ਦੇਸ਼-ਅਜ਼ਾਦੀ ਦੀਆਂ ਕੁਰਬਾਨੀਆਂ ਵਿਚ, ਉਸ ਦਾ ਹਿਸਾ ਕੇਵਲ ਦੋ ਫ਼ੀ ਸਦੀ ਬਣਦਾ ਹੈ। ੧੯੪੩-੪੪ ਦੀ "ਕੁਇੱਟ ਇੰਡੀਆ" ਲਹਿਰ ਦੇ ਸੰਬੰਧ ਵਿਚ ਵੀ ਤਿੰਨ-ਚੌਥਾਈ ਗ੍ਰਿਫਤਾਰੀਆਂ ਸਿੱਖਾਂ ਦੀਆਂ ਹੀ ਸਨ।

ਦੇਸ਼ ਦੀ ਅਜ਼ਾਦੀ ਲਈ, ਕੁਰਬਾਨੀ ਦੀ ਸ਼ਮ੍ਹਾ ਤੇ ਸਿਖ ਕੌਮ ਨੇ ਆਪਣਾ ਸਭ ਕੁਝ ਕੁਰਬਾਨ ਕਰ ਦੇਣਾ ਅਤੇ ਅਖੰਡ ਭਾਰਤ ਨਾਲ ਆਪਣਾ ਨਾਤਾ ਜੋੜੀ ਰਖਣਾ ਕੇਵਲ ਇਸੇ ਲਈ ਹੀ ਇਖ਼ਤਿਆਰ ਕੀਤਾ ਹੋਇਆ ਹੈ ਕਿ ਉਹ ਅਜ਼ਾਦ ਭਾਰਤ ਵਿਚ ਬਾਕੀਆਂ ਵਾਂਗ ਅਜ਼ਾਦੀ ਦਾ ਜੀਵਨ ਬਤੀਤ ਕਰ ਸਕੇ।

ਪਰ ਅਜ ਸਿਖ ਕੌਮ ਦਾ ਬੱਚਾ ਬੱਚਾ ਇਹ ਸੋਚਣ ਤੇ ਮਜਬੂਰ ਕਰ ਦਿਤਾ ਗਿਆ ਹੈ—ਕਿ ਕੀ ਅਸੀਂ ਅਜ਼ਾਦ ਭਾਰਤ ਵਿਚ ਅਜ਼ਾਦ ਵਸਨੀਕ ਹਾਂ? ਕੀ ਅਸੀਂ ਅਜ਼ਾਦੀ ਦਾ ਜੀਵਨ ਬਤੀਤ ਕਰ ਰਹੇ ਹਾਂ? ਕੀ ਅਸੀਂ ਅਜ਼ਾਦੀ ਨਾਲ ਭਾਰਤ ਵਿਚ ਵਿਚਰ ਸਕਦੇ ਹਾਂ? ਕੀ ਭਾਰਤ-ਵਾਸੀਆਂ ਵਾਂਗ ਸਾਨੂੰ ਵੀ ਦੇਸ਼ ਦੀਆਂ ਅਦਾਲਤਾਂ ਵਲੋਂ ਪੂਰਾ ਇਨਸਾਫ਼ ਹਾਸਲ ਹੈ?

ਅੱਜ ਸਿਖ ਕੌਮ ਨਾਲ ਕੀ ਹੋ ਰਿਹਾ ਹੈ? ਜਦ ਜੀਅ ਕੀਤਾ, ਸਿਖਾਂ ਨੂੰ ਗਾਤਰੇ ਕਿਰਪਾਨ ਨਾਲ ਹਵਾਈ-ਸਫ਼ਰ ਕਰਨ ਤੋਂ ਰੋਕ ਦਿਤਾ ਗਿਆ। ਜਦ ਜੀਅ ਕੀਤਾ, ਸਾਡੇ ਰਾਹ ਰੋਕ ਲਏ ਅਤੇ ਪੰਜਾਬ ਤੋਂ ਦਿਲੀ ਜਾਣ ਤਕ ਵੀ ਸਾਡੀ ਉਹ ਬੇਪਤੀ ਤੇ ਦੁਰਦਸ਼ਾ ਕੀਤੀ ਗਈ ਜੋ ਕਿਸੇ ਬਿਦੇਸ਼ੀ ਜਾਂ ਵਿਰੋਧੀ ਦੀ ਵੀ ਨਹੀਂ ਕੀਤੀ ਜਾ ਸਕਦੀ। ਸਾਡੀਆਂ ਤਲਾਸ਼ੀਆਂ ਲਈਆਂ ਗਈਆਂ ਅਤੇ ਕਈ ਤਰ੍ਹਾਂ ਦੀਆਂ ਘੋਖਾਂ ਘੋਖੀਆਂ ਗਈਆਂ। ਇਥੋਂ ਤਕ ਕਿ ਫੌਜ ਦੇ ਉਚ ਅਫ਼ਸਰਾਂ, ਉਚ ਸਰਕਾਰੀ-ਮੁਲਾਜ਼ਮਾਂ ਅਤੇ ਕਾਂਗਰਸੀ ਸਿਖਾਂ ਨੂੰ ਵੀ ਸਿਖ ਹੋਣ ਦੇ ਨਾਤੇ ਇਸ ਦੁਰਦਸ਼ਾ ਦਾ ਸ਼ਿਕਾਰ ਹੋਣਾ ਪਿਆ।

ਸਾਡੇ ਇਸ਼ਟ ਅਤੇ ਸਾਡੀ ਜਿੰਦ ਜਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ-ਅਸਥਾਨਾਂ ਦੀ ਅਨੇਕ ਵਾਰ ਘੋਰ ਬੇਅਦਬੀ ਕੀਤੇ ਜਾਣ ਦੇ ਬਾਵਜੂਦ ਵੀ ਦੋਸ਼ੀਆਂ ਨੂੰ ਸਜ਼ਾ ਦੇਣ ਵਲੋਂ ਸਰਕਾਰ ਦੀ ਲਾਪਰਵਾਹੀ ਤੇ ਟਾਲਮਟੋਲ ਵਾਲੀ ਪਾਲਸੀ ਸਿਖਾਂ ਨੂੰ ਮਹਿਸੂਸ ਕਰਾਂਦੀ ਹੈ ਕਿ ਅਸੀਂ ਅਜ਼ਾਦ ਨਹੀਂ ਹਾਂ, ਸਗੋਂ ਕਿਸੇ ਦੇ ਰਹਿਮ ਤੇ ਹਾਂ।

ਕਿਤੇ ਸਿਖਾਂ ਦੇ ਜਰਾਇਮ-ਪੇਸ਼ਾ ਹੋਣ ਦੇ ਗੁਪਤ ਸਰਕੁਲਰ ਜਾਰੀ ਕੀਤੇ ਗਏ, ਕਿਤੇ ਸਿਖਾਂ ਦੇ ਅੰਮ੍ਰਿਤਧਾਰੀ, ਰਹਿਤ ਬਹਿਤ ਦੇ ਧਾਰਨੀ ਅਤੇ ਗੁਰਮੁਖੀ ਸਰੂਪ ਤੇ ਪਹਿਰਾਵੇ ਕਾਰਨ ਉਨ੍ਹਾਂ ਤੇ ਪਾਬੰਦੀਆਂ ਲਗਾਈਆਂ ਗਈਆਂ, ਕਿਤੇ ਫੌਜਾਂ ਦੀ ਪ੍ਰੇਡ ਸਮੇਂ ਕੇਸਕੀਆਂ ਦੀ ਥਾਂ ਰੁਮਾਲ ਬੰਨ੍ਹਣ ਦੇ ਹੁਕਮ ਜਾਰੀ ਕੀਤੇ ਗਏ, ਜਦ ਕਿ ਅੰਗਰੇਜ਼ਾਂ ਸਮੇਂ ਸਿਖ ਫ਼ੌਜੀਆਂ ਲਈ ਦੂਹਰੀ ਦਸਤਾਰ ਰਖਣੀ ਜ਼ਰੂਰੀ ਮਿਥੀ ਹੋਈ ਸੀ। ਸਰਕਾਰੀ ਨੌਕਰੀਆਂ ਵਿਚ ਵੀ ਸਿਖਾਂ ਨੂੰ ਹੀਣਿਆਂ ਰਹਿ ਕੇ ਦਿਨ-ਕਟੀ ਕਰਨੀ ਪੈ ਰਹੀ ਹੈ। ਫੌਜੀ ਸਿਖਾਂ ਅਤੇ ਸਿਖ ਮੁਲਾਜ਼ਮਾਂ ਨਾਲ ਜੋ ਘਿਣਾਉਣਾ ਵਤੀਰਾ ਹੋ ਰਿਹਾ ਹੈ, ਉਹ ਉਹੋ ਹੀ ਜਾਣਦੇ ਹਨ। ਥਾਂ-ਪਰ-ਥਾਂ ਗੁਰਦੁਆਰਾ ਸਾਹਿਬਾਂ ਦੇ ਨਾਲ ਮੰਦਰ ਉਸਾਰ ਕੇ ਓਥੋਂ ਸ਼ਰਾਰਤਾਂ ਖੜੀਆਂ ਕੀਤੀਆਂ ਜਾ ਰਹੀਆਂ ਹਨ। ਸ਼ਰਾਰਤੀਆਂ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ। ਇਹ ਸਾਧਾਰਨ ਤੌਰ ਤੇ ਨਹੀਂ, ਸਗੋਂ ਸਰਕਾਰੀ ਤੌਰ ਤੇ ਕਿਸੇ ਗਿਣੀ ਮਿਥੀ ਸਾਜ਼ਸ਼ ਦਾ ਸਿੱਟਾ ਹੈ ਅਤੇ ਸਿਖਾਂ ਨਾਲ ਵਿਤਕਰੇ ਦ ਪ੍ਰਤੱਖ ਪ੍ਰਮਾਣ ਹੈ।



www.AKJ.Org

ਹੁਣ ਪਟਿਆਲੇ ਵਿਚ ਜੋ ਤਾਜ਼ਾ ਹਿੰਦੂ-ਸਿਖ ਫ਼ਸਾਦ ਉਭਰੇ ਹਨ, ਇਨ੍ਹਾਂ ਦਾ ਮੂਲ ਕਾਰਨ ਵੀ ਇਹੋ ਸਿਖਾਂ ਨਾਲ ਬੁਰਾ ਸਲੂਕ ਹੀ ਹੈ। ਕਿੰਨੇ ਹਨੇਰ ਦੀ ਗੱਲ ਹੈ ਕਿ ਅਜ਼ਾਦ ਭਾਰਤ ਵਿਚ ਸਿਖ ਆਪਣੇ ਗੁਰੂ ਸਾਹਿਬਾਨ ਦੇ ਗੁਰਪੁਰਬਾਂ ਸਮੇਂ ਵੀ ਅਜ਼ਾਦੀ ਨਾਲ ਉਨ੍ਹਾਂ ਦੇ ਯਾਦਗਾਰੀ ਜਲੂਸ ਗੁਰਬਾਣੀ ਗਾਇਨ ਕਰਦਿਆਂ ਨਹੀਂ ਕਢ ਸਕਦੇ। ੩ ਮਈ ਦੇ ਅਜੀਤ ਦੇ ਪਹਿਲੇ ਸਫ਼ੇ ਤੇ ਇਹ ਖ਼ਬਰ ਇਉਂ ਛਪੀ ਹੈ–

"ਇਸ ਖ਼ਬਰ ਦਾ ਵੇਰਵਾ ਇਸ ਪ੍ਰਕਾਰ ਦਸਿਆ ਜਾਂਦਾ ਹੈ ਕਿ ਦੋ ਦਿਨ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼-ਦਿਵਸ ਦੇ ਸੰਬੰਧ ਵਿਚ ਸ਼ਹਿਰ ਦੇ ਉਨ੍ਹਾਂ ਹਿਸਿਆਂ ਨੂੰ ਸਜਾਇਆ ਗਿਆ ਸੀ, ਜਿਥੋਂ ਜਲੂਸ ਨਿਕਲਿਆ। ਕਲ੍ਹ ੪ ਮਈ ਨੂੰ ਸ਼ਹੀਦਾਂ ਦੀਆਂ ਅਸਥੀਆਂ ਵੀ ਇਥੇ ਪੁਜ ਰਹੀਆਂ ਹਨ, ਇਸ ਲਈ ਅਕਾਲੀ ਲੀਡਰਾਂ ਵਲੋਂ ਆਗਿਆ ਲੈ ਲਈ ਗਈ ਕਿ ਇਹ ਸਜਾਵਟ ੪ ਮਈ ਤਕ ਰਹੇ ਅਤੇ ਲਾਊਡ-ਸਪੀਕਰਾਂ ਤੋਂ ਗੁਰਬਾਣੀ ਦਾ ਪਾਠ ਜਾਰੀ ਰਖਿਆ ਜਾਏ। ਜਿਸ ਥਾਂ ਤੇ ਲਾਊਡ-ਸਪੀਕਰ ਫ਼ਿਟ ਹੈ, ਉਸ ਦੇ ਨੇੜੇ ਭਾਜਪਾ ਦੇ ਪ੍ਰਧਾਨ ਸ਼ੰਭੂ ਪ੍ਰਸ਼ਾਦ ਦੀ ਦਰਜੀਆਂ ਦੀ ਗਲੀ ਵਿਚ ਬਜਾਜੀ ਦੀ ਦੁਕਾਨ ਹੈ ਤੇ ਉਸ ਨੇ ਇਤਰਾਜ਼ ਕੀਤਾ ਕਿ ਗੁਰਬਾਣੀ ਦਾ ਪਾਠ ਕਿਉਂ ਹੋ ਰਿਹਾ ਹੈ–– ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਕੁਝ ਹਾਮੀਆਂ ਨੇ ਤਾਰਾਂ ਕਟ ਦਿਤੀਆਂ। ਇਸ ਤੇ ਨੌਜੁਆਨ ਖਾਲਸਾ ਦਲ ਦੇ ਪ੍ਰਧਾਨ ਸ: ਜਸਪਾਲ ਸਿੰਘ ਨੇ ਵਿਰੋਧਤਾ ਕੀਤੀ। ਇਹ ਮਾਮਲਾ ਐਸ. ਡੀ. ਐਮ. ਪਾਸ ਪੁਜਿਆ, ਜਿਨ੍ਹਾਂ ਨੇ ਫ਼ੈਸਲਾ ਦਿਤਾ ਕਿ ਇਹ ਧਾਰਮਕ ਰੀਕਾਰਡ ਹਨ ਤੇ ਇਨ੍ਹਾਂ ਦੀ ਪ੍ਰਵਾਨਗੀ ਦਿਤੀ ਜਾ ਚੁਕੀ ਹੈ। ਇਸ ਤੇ ਤਾਰਾਂ ਫਿਰ ਜੋੜ ਦਿਤੀਆਂ ਗਈਆਂ। ਸ਼ਾਮ ਨੂੰ ਸ਼ੰਭੂ ਪ੍ਰਸ਼ਾਦ, ਇਕ ਕਾਂਗਰਸੀ ਕੈਲਾਸ਼ ਚੰਦਰ, ਹਿੰਦੂ ਸੁਰਖਸ਼ਾ ਸੰਮਤੀ ਦੇ ਪ੍ਰਧਾਨ ਪਵਨ ਕੁਮਾਰ ਤੇ ਦੀਪ ਚੰਦ ਨੇ ਮੀਟਿੰਗ ਕੀਤੀ ਤੇ ਫਿਰ ਤਾਰਾਂ ਕਟ ਦਿਤੀਆਂ। ਇਸ ਤੇ ਝਗੜਾ ਹੋ ਗਿਆ। ਦੋਹਾਂ ਪਾਸਿਆਂ ਤੋਂ ਇੱਟਾਂ ਪੱਥਰਾਂ ਦੀ ਵਰਤੋਂ ਕੀਤੀ ਗਈ।.... ਅਤੇ ਦੁਕਾਨਾਂ ਨੂੰ ਅੱਗਾਂ ਲਾਈਆ ਗਈਆਂ ਆਦਿ ।"

ਗੁਰਪੁਰਬ ਸਮੇਂ ਆਗਿਆ ਲੈ ਕੇ ਗੁਰਬਾਣੀ ਗਾਇਨ ਕਰਨ ਵਾਲੇ ਰੀਕਾਰਡ ਵਜਣ ਨਾ ਦੇਣੇ ਕਿੰਨਾ ਅਨਿਆਂ ਅਤੇ ਸਿੱਖ ਕੌਮ ਨਾਲ ਧੱਕਾ ਹੈ! ਇਸ ਦਾ ਨਤੀਜਾ ਜੋ ਭਿਆਨਕ ਫ਼ਸਾਦ ਭੜਕ ਉਠਿਆ ਹੈ, ਸਾਰੇ ਸ਼ਹਿਰ ਵਿਚ ਕਰਫ਼ਿਊ ਲਾਣਾ ਪਿਆ ਹੈ, ਅਤੇ ਅੱਗਾਂ ਆਦਿ ਨਾਲ ਲੱਖਾਂ ਕਰੋੜਾਂ ਦੇ ਮਾਲੀ ਨੁਕਸਾਨ ਦੇ ਨਾਲ ਜਾਨੀ ਨੁਕਸਾਨ ਉਠਾਉਣਾ ਪੈ ਰਿਹਾ ਹੈ, ਇਹ ਸਭ ਕੁਝ ਸਰਕਾਰ ਦੀ ਫ਼ਿਰਕਾਪ੍ਰਸਤੀ ਪਾਲਸੀ ਅਤੇ ਘਟ-ਗਿਣਤੀ ਨੂੰ ਹੀਣਿਆਂ ਦਿਖਾਉਣ ਦੀ ਭਾਵਨਾ ਕਰ ਕੇ ਹੋ ਰਿਹਾ ਹੈ। ਅਜਿਹੀਆਂ ਘਟਨਾਵਾਂ ਵਾਪਰਨੀਆਂ ਭਾਰਤ ਦੀ ਅਤੇ ਭਾਰਤ-ਵਾਸੀਆਂ ਦੀ ਬਦਕਿਸਮਤੀ ਹੀ ਕਹਿਣੀ ਚਾਹੀਦੀ ਹੈ, ਜਿਨ੍ਹਾਂ ਦੇ ਨਤੀਜੇ ਬੜੇ ਖਤਰਨਾਕ ਸਾਬਤ ਹੋ ਸਕਦੇ ਹਨ।

ਇਸੇ ਤਰ੍ਹਾਂ ੧੧ ਮਈ ਦੇ 'ਅਜੀਤ' ਦੇ ਪੰਜਵੇਂ ਸਫੇ ਤੇ ਇਹ ਖਬਰ ਛਪੀ ਹੈ ਕਿ ਗੰਗਾ ਨਗਰ ਅਕਾਲੀ ਕਾਨਫ਼ਰੰਸ ਤੇ ਜਾਂਦਿਆਂ ਸਿਖ ਲੀਡਰਾਂ ਦੀਆਂ ਕਾਰਾਂ ਦੀਆਂ ਤਲਾਸ਼ੀਆਂ ਵੀ ਲਈਆਂ ਗਈਆਂ ਅਤੇ ਸਰਕਾਰ ਵਲੋਂ ਸਿਖਾਂ ਨਾਲ ਇਥੋਂ ਤਕ ਵਿਤਕਰੇ ਦੀ ਨੀਤੀ ਅਖ਼ਤਿਆਰ ਕੀਤੀ ਗਈ ਕਿ ਨਹਿਰੂ ਪਾਰਕ ਵਿਚ, ਜਿਥੇ ਕਾਨਫ਼ਰੰਸ ਹੋਈ, ਉਸ ਦੀਆਂ ਟੂਟੀਆਂ ਦਾ ਪਾਣੀ ਬੰਦ ਕਰ ਦਿਤਾ ਗਿਆ ਅਤੇ ਇਉਂ ਘੰਟਿਆਂ ਬੱਧੀ ਹਜ਼ਾਰਾਂ ਲੋਕ ਪਾਣੀ ਨੂੰ ਤਰਸਦੇ ਰਹੇ।

ਇਹੋ ਜਿਹੀਆਂ ਨਿਤ ਨਿਤ ਦੀਆਂ ਧਕੇਸ਼ਾਹੀਆਂ, ਜੋ ਸਿਖ ਕੌਮ ਨਾਲ ਹੋ ਰਹੀਆਂ ਹਨ, ਉਨ੍ਹਾਂ ਦਾ ਇਨਸਾਫ਼ ਲੈਣ ਅਤੇ ਆਪਣਾ ਹੱਕ ਪ੍ਰਾਪਤ ਕਰਨ ਲਈ ਅਕਾਲੀ ਦਲ, ਜੋ ਸਿਖ ਕੌਮ ਦੀ ਪ੍ਰਤੀਨਿਧ ਰਾਜਸੀ ਪਾਰਟੀ ਹੈ, ਵਲੋਂ "ਧਰਮ ਯੁਧ ਮੋਰਚਾ" ਤਕਰੀਬਨ ਦਸ ਮਹੀਨਿਆਂ ਤੋਂ ਲਾਇਆ ਗਿਆ ਹੋਇਆ ਹੈ, ਜਿਸ ਵਿਚ ਹੁਣ ਤਕ ਇਕ ਲੱਖ ਤੀਹ ਹਜ਼ਾਰ ਤੋਂ ਵਧ ਗ੍ਰਿਫ਼ਤਾਰੀਆਂ ਦਿਤੀਆਂ ਜਾ ਚੁਕੀਆਂ ਹਨ ਅਤੇ ਡੇਢ


www.AKJ.Org

ਸੌ ਦੇ ਕਰੀਬ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ ਗਈਆਂ ਹਨ। ਪਰ ਇਸ ਦੇ ਬਾਵਜੂਦ ਵੀ ਫੋਕੀ ਬਿਆਨ-ਬਾਜ਼ੀ ਤੋਂ ਸਿਵਾ ਅਜ ਤਕ ਕੋਈ ਸਿੱਟਾ ਨਹੀਂ ਨਿਕਲਿਆ ਅਤੇ ਅਜਾਈਂ ਹੀ ਮਾਮਲੇ ਨੂੰ ਲਮਕਾਇਆ ਜਾ ਰਿਹਾ ਹੈ, ਜਦ ਕਿ ਭਾਰਤ ਭਰ ਦੀਆਂ ਅਪੋਜ਼ੀਸ਼ਨ-ਪਾਰਟੀਆਂ ਅਤੇ ਹੋਰ ਮੁਖੀ ਲੀਡਰਾਂ ਵਲੋਂ ਸਰਕਾਰ ਨੂੰ ਸਿਖ ਕੌਮ ਦੀਆਂ ਹੱਕੀ ਮੰਗਾਂ ਸਵੀਕਾਰ ਕਰਨ ਤੇ ਜ਼ੋਰ ਦਿਤਾ ਜਾ ਰਿਹਾ ਹੈ।

ਇਹ ਟਾਲਮਟੋਲੇ ਕਰਨੇ ਅਤੇ ਹੱਕੀ ਮੰਗਾਂ ਨੂੰ ਰੋਲ-ਘਚੋਲੇ ਵਿਚ ਪਾਈ ਜਾਣਾ ਕੀ ਪਰਗਟ ਕਰਦਾ ਹੈ? ਸਿਖ ਨੌਜਵਾਨ ਅਤੇ ਖ਼ਾਸ ਕਰਕੇ ਸਿਖਾਂ ਦਾ ਬੁਧੀਵਾਨ ਤਬਕਾ ਇਹ ਸਭ ਕੁਝ ਵੇਖ ਕੇ ਇਹ ਸੋਚਣ ਲਈ ਮਜਬੂਰ ਹੋ ਗਿਆ ਹੈ ਕਿ ਅਸੀਂ ਲਾਚਾਰਗੀ ਅਤੇ ਬੇਚਾਰਗੀ ਵਰਗਾ ਇਹ ਯਤੀਮਪੁਣਾ ਕਿੰਨੀ ਦੇਰ ਤਕ ਸਹਿਨ ਕਰ ਸਕਾਂਗੇ?

---

## ਭਾਈ ਸਾਹਿਬ ਭਾਈ ਰਣਧੀਰ ਸਿੰਘ ਪਾਠ-ਉਤਸ਼ਾਹਤ ਸਕੀਮ

ਹਰ ਸਾਲ ਪੋਹ ਸੁਦੀ ਸੱਤਵੀਂ ਗੁਰਪੁਰਬ ਦੇ ਕੀਰਤਨ ਸਮਾਗਮ ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਤੋਂ ਪਾਠ ਕਰਨ ਲਈ, *੨੫ ਸਾਲ ਤੋਂ ਛੋਟੀ ਉਮਰ ਵਾਲੇ ਬੱਚਿਆਂ ਦੀ ਯੋਗਤਾ-ਪ੍ਰੀਖਿਆ ਲਈ ਜਾਇਆ ਕਰੇਗੀ। ਜਿਹੜੇ ਬੱਚੇ ਇਕ ਘੰਟੇ ਵਿਚ ਘਟ ਤੋਂ ਘਟ ੩੦ ਅੰਕ ਸ਼ੁਧ, ਸਰਲ ਤੇ ਸਪਸ਼ਟ ਪਾਠ ਕਰ ਸਕਣ ਦੀ ਯੋਗਤਾ ਰਖਦੇ ਹੋਣਗੇ, ਉਨ੍ਹਾਂ ਨੂੰ ਅਖੰਡ ਕੀਰਤਨੀ ਜਥੇ ਵਲੋਂ ਸਨਮਾਨਤ ਕੀਤਾ ਜਾਇਆ ਕਰੇਗਾ। ਸਵਿਸਥਾਰ ਵੇਰਵਾ ਫਿਰ ਛਾਪਿਆ ਜਾਵੇਗਾ।

ਹੇਠ ਲਿਖੀਆਂ ਬਾਣੀਆਂ ਦੇ ਪਾਠ ਵਲ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ–

ਮਹਲੇ ਪਹਿਲੇ ਦੀ ਸਮੁੱਚੀ ਬਾਣੀ, ਸਮੁੱਚੀ ਭਗਤ ਬਾਣੀ, ਪੰਨਾ ੭੨੧ ਅਤੇ ੭੨੩ ਦੇ ਸ਼ਬਦ– "ਯਕ ਅਰਜ ਗੁਫਤਮ......" ਅਤੇ 'ਖਾਕ ਨੂਰ ਕਰਦੰ......" ਅਤੇ ਪੰਨੇ ੧੦੯੪ ਤੋਂ ੧੧੦੨; ੧੩੫੩ ਤੋਂ ੧੩੬੧, ੧੩੬੩ ਹੇਠ ਤੋਂ ੧੩੭੭; ੧੩੯੯ ਤੋਂ ੧੪੦੯ ਤਕ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ

* ਕੁਝਕੁ ਗੁਰਮੁਖ ਸਜਣਾਂ ਦੇ ਸੁਝਾਉ ਨੂੰ ਧਿਆਨ ਵਿਚ ਰਖ ਕੇ "ਕੀਰਤਨ-ਉਤਸ਼ਾਹਤ-ਸਕੀਮ" ਲਈ ਉਮਰ ੨੦ ਸਾਲ ਤੋਂ ਛੋਟੀ ਹੈ, ਪਰ "ਪਾਠ-ਉਤਸ਼ਾਹਤ-ਸਕੀਮ" ਲਈ ੨੫ ਸਾਲ ਤੋਂ ਛੋਟੀ ਉਮਰ ਰਖੀ ਗਈ ਹੈ।

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਰੰਗਲੇ ਸਜਣ (ਨਵੀਂ ਐਡੀਸ਼ਨ) | ੭–੦੦ | ਜੇਲ੍ਹ ਚਿਠੀਆਂ ੧੫–੮੦ ਅੰਮ੍ਰਿਤ ਕੀ ਹੈ ? | ੧ ੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬–੫੦ | ਅਣਡਿਠੀ ਦੁਨੀਆ | ਛਪ ਰਹੀ ਹੈ। |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩–੭੫ | ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ |
| ਅਨਹਦ ਸ਼ਬਦ ਦਸਮ ਦੁਆਰ | ੬–੦੭ | ਨਾਮ ਸੰਬੰਧੀ ਵਿਚਾਰ | ੦-੯੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫–੫੦ | ਆਸਤਕ ਤੇ ਨਾਸਤਕ | ੦-੩੫ |
| ਸਚਖੰਡ ਦਰਸ਼ਨ | ੧–੭੫ | ਉਮਰ ਕੈਦੀ ਦਾ ਸੁਪਨਾ | ੦-੪੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੪–੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ੦-੫੦ |
| ਵਾਹਿਗੁਰੂ ਸਿਮਰਨ | ੦–੪੫ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦–੨੫ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੫੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦–੫੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੪੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਪੂਰਬ ਜਨਮ ਕੇ ਮਿਲੇ ਸੰਜੋਗੀ | ੭-੦੦, ੪-੦੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੫੦ |
| ਵੈਸਾਖੀ ਦਾ ਖੂਨੀ ਸਾਕਾ | ੧-੫੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੭ |

HAIR--A DIVINE GIFT 0-40
Dawn of Divine Wisdom 0-75


www.AKJ.Org

# ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦਾ ਸਵਾਲ

## ਪੰਜਾਬ ਦੀ ਖੇਤੀਬਾੜੀ ਕੋਲੋਂ ਪਾਣੀ ਖੋਹਣਾ, ਪੰਜਾਬ ਦੀ ਜਾਨ ਨੂੰ ਹੱਥ ਪਾਉਣਾ ਹੈ।

***ਪੰਜਾਬ ਨੂੰ ਪਾਣੀ ਦੀ ਆਪਣੀ ਲੋੜ :—*** ਪਿਛਲੇ ਸਾਲਾਂ ਵਿਚ ਆਬਾਦੀ ਤੇਜ਼ੀ ਨਾਲ ਵਧ ਜਾਣ ਕਰਕੇ ਆਬਾਦੀ ਦੇ ਮੁਕਾਬਲੇ ਖੇਤੀ ਲਾਇਕ ਰਕਬੇ ਦੀ ਨਿਸਬਤ ਬਹੁਤ ਘਟ ਗਈ ਹੈ। ਪੰਜਾਬ ਲਈ ਇਕੋ ਇਕ ਰਾਹ ਹੈ ਕਿ ਇਕੋ ਖੇਤ ਵਿਚੋਂ ਬਹੁਤੀਆਂ ਫਸਲਾਂ ਲਈਆਂ ਜਾਣ। ਯੂਨੀਵਰਸਿਟੀ ਤੇ ਹੋਰ ਮਾਹਰਾਂ ਅਨੁਸਾਰ ਕਣਕ ਅਤੇ ਧਾਨ ਦੀਆਂ ਦੋ ਫ਼ਸਲਾਂ ਲੈਣ ਵਾਸਤੇ ਫੀ ਏਕੜ ੫ ਏਕੜ ਫੁਟ ਦਰਜੇ ਪਾਣੀ ਚਾਹੀਦਾ ਹੈ। ਖੇਤੀਬਾੜੀ ਦੇ ਲਾਇਕ ਪੰਜਾਬ ਪਾਸ ੧੦੫ ਲਖ ਏਕੜ ਰਕਬਾ ਹੈ। ਸੋ ਕਣਕ ਤੇ ਧਾਨ ਦੀਆਂ ਦੋ ਫ਼ਸਲਾਂ ਉਪਜਾਉਣ ਲਈ ਪੰਜਾਬ ਨੂੰ ੫ ਕਰੋੜ ੨੫ ਲੱਖ ਏਕੜ ਫੁਟ ਦਰਜੇ ਪਾਣੀ ਦੀ ਲੋੜ ਹੈ।

***ਫ਼ਾਲਤੂ ਪਾਣੀ ਹੈ ਹੀ ਨਹੀਂ :—*** ਸੰਨ ੧੯੨੧-੨੨ ਤੋਂ ਲੈ ਕੇ ੧੯੪੫-੪੬ ਤਕ ਦੇ ਸਰਕਾਰ ਦੇ ਆਪਣੇ ਅੰਕੜਿਆਂ (ਰਾਵੀ ਬਿਆਸ ਐਗਰੀਮੈਂਟ, ਵਾਈਟ ਪੇਪਰ) ਅਨੁਸਾਰ ਪੰਜਾਬ ਦੇ ਤਿੰਨ ਦਰਿਆਵਾਂ ਵਿਚ ਕੁਲ ੩ ਕਰੋੜ ੨੭ ਲੱਖ ਏਕੜ ਫੁਟ ਦਰਜੇ ਪਾਣੀ ਸੀ। ਦੂਸਰੇ ਸ਼ਬਦਾਂ ਵਿਚ ਜੇ ਸਤਲੁਜ, ਰਾਵੀ, ਬਿਆਸ ਦਾ ਸਾਰਾ ਪਾਣੀ ਕੇਵਲ ਪੰਜਾਬ ਵਿਚ ਹੀ ਵਰਤਿਆ ਜਾਵੇ, ਤਾਂ ਵੀ ਪੰਜਾਬ ਦੀ ਪਾਣੀ ਦੀ ਲੋੜ ਪੂਰੀ ਨਹੀਂ ਹੁੰਦੀ। ਇਸ ਦਾ ਇਕ ਸਬੂਤ ਇਹ ਹੈ ਕਿ ਐਸ ਵੇਲੇ ੧੦੫ ਲੱਖ ਏਕੜ ਰਕਬੇ ਵਿਚੋਂ ੩੫ ਲੱਖ ਏਕੜ ਨਹਿਰਾਂ ਦੇ ਪਾਣੀ ਰਾਹੀਂ ਸਿੰਚਿਆ ਜਾ ਰਿਹਾ ਹੈ, ੫੦ ਲੱਖ ਏਕੜ ਟੀਊਬਵੈਲਾਂ ਰਾਹੀਂ ਅਤੇ ੨੦ ਲੱਖ ਏਕੜ ਰਕਬਾ ਸਿੰਚਾਈ ਦੇ ਸਾਧਨਾਂ ਤੋਂ ਵਾਂਝਾ ਹੈ।

ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਦੀ ਆਪਣੀ ਲੋੜ ਨਾਲੋਂ ਵੱਧ ਹੈ ਅਤੇ ਨਹਿਰਾਂ ਦਾ ਪਾਣੀ ਪੰਜਾਬ ਦੀ ਸਿੰਚਾਈ ਦੀ ਲੋੜ ਨੂੰ ਪੂਰਾ ਕਰਨ ਤੋਂ ਫ਼ਾਲਤੂ ਹੈ, ਤਾਂ ਕੀ ਪੰਜਾਬ ਦੇ ਕਿਸਾਨਾਂ ਦੀ ਮੱਤ ਮਾਰੀ ਹੋਈ ਹੈ ਕਿ ਉਹ ਟਿਊਬਵੈੱਲ ਲਾਉਣ ਉਤੇ ਅੰਵਾਈ ਸਰਮਾਇਆ ਖ਼ਰਚ ਕਰਨ ਤੇ ਟੀਊਬਵੈਲਾਂ ਰਾਹੀਂ ਸਿੰਚਾਈ ਉਤੇ ਕਈ ਗੁਣਾ ਵੱਧ ਚਲੰਤ ਖ਼ਰਚਾ ਝੱਲਣ ?

ਪੰਜਾਬ ਦੀ ਪਾਣੀ ਦੀ ਆਪਣੀ ਲੋੜ ਨਾ ਪੂਰੀ ਹੋਣ ਦਾ ਇਕ ਹੋਰ ਸਬੂਤ ਹੈ। ਪੰਜਾਬ ਦੀ ਧਰਤੀ ਹੇਠਲੇ ਪਾਣੀ ਦੇ ਪੱਤਣ ਦੀ ਤਹਿ ਥੋੜੀ ਹੈ। ਦੂਸਰੇ ਸ਼ਬਦਾਂ ਵਿਚ ਟੀਊਬਵੈਲਾਂ ਰਾਹੀਂ ਸਿੰਚਾਈ ਦੀ, ਕੁਦਰਤ ਨੇ ਇੱਕ ਹੱਦ ਕਾਇਮ ਕੀਤੀ ਹੋਈ ਹੈ, ਜਿਸ ਨੂੰ ਉਲੰਘਿਆ ਨਹੀਂ ਜਾ ਸਕਦਾ। ਸੰਨ ੧੯੬੦-੬੧ ਵਿਚ ਜਿਥੇ ੬੧ ਹਜ਼ਾਰ ਟੀਊਬਵੈਲ ਸਨ, ਸੰਨ ੧੯੮੧ ਵਿਚ ਵਧ ਕੇ ੬ ਲੱਖ ਹੋ ਗਏ। ਸਰਕਾਰ ਦੇ ਆਪਣੇ ਹਿਸਾਬ ਅਨੁਸਾਰ ਧਰਤੀ ਹੇਠਲੇ ਪਾਣੀ ਦੇ ਪਤਣ ਨੂੰ ਨੁਕਸਾਨ ਪੁਚਾਏ ਬਗੈਰ ਕੇਵਲ ੩੦ ਲੱਖ ਏਕੜ ਫੁਟ ਦਰਜੇ ਪਾਣੀ ਟੀਊਬਵੈਲਾਂ ਰਾਹੀਂ ਕਢਿਆ ਜਾਣਾ ਚਾਹੀਦਾ ਹੈ। ਪਰ ਇਹ ੬ ਲੱਖ ਟੀਊਬਵੈਲ ਕਰੀਬਨ ਇਕ ਕਰੋੜ ੨੦ ਲੱਖ ਏਕੜ ਫੁਟ ਦਰਜੇ ਪਾਣੀ ਕਢ ਰਹੇ ਹਨ। ਦੂਸਰੇ ਸ਼ਬਦਾਂ ਵਿਚ ਧਰਤੀ ਹੇਠਲੇ ਪਾਣੀ ਦੇ ਪਤਣ ਵਿਚ ੯੦ ਲਖ ਏਕੜ ਫੁਟ ਦਰਜੇ ਪਾਣੀ ਦਾ ਘਾਪਾ ਪੈ ਰਿਹਾ ਹੈ, ਜੋ ਕੇਵਲ ਨਹਿਰ ਦੇ ਪਾਣੀ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ।

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਇਕ ਤੁਪਕਾ ਵੀ ਬਾਹਰ ਨਾ ਦਿੱਤਾ ਜਾਵੇ, ਤਾਂ ਵੀ ਪੰਜਾਬ ਦੀ ਪਾਣੀ ਦੀ ਆਪਣੀ ਲੋੜ ਪੂਰੀ ਨਹੀਂ ਹੁੰਦੀ। ਪਾਣੀ ਫਾਲਤੂ ਹੋਣ ਦਾ ਤਾਂ ਸਵਾਲ ਹੀ ਨਹੀਂ ਉਠਦਾ। ਪਰ ਕੇਂਦਰੀ ਸਰਕਾਰ ਨੇ ਮਨ-ਮਰਜ਼ੀ ਨਾਲ ਪੰਜਾਬ ਦੀ ਲੋੜ ਵਲੋਂ ਅੱਖਾਂ ਮੀਟ ਕੇ ਜ਼ਬਰਦਸਤੀ ਪੰਜਾਬ ਦੇ ਦਰਿਆਵਾ ਦੇ ਪਾਣੀਆਂ ਨੂੰ ਰਾਜਸਥਾਨ, ਹਰਿਆਣਾ ਤੇ ਦਿੱਲੀ ਪ੍ਰਾਂਤਾਂ ਵਿਚ ਵੰਡ ਦਿੱਤਾ ਹੈ।



www.AKJ.Org

**ਗ਼ੈਰ ਵਿਧਾਨਕ ਤੇ ਗ਼ੈਰ-ਕਾਨੂੰਨੀ** :–(ੳ) ਵਿਧਾਨ ਦੀ ਸੂਬਿਕ ਲਿਸਟ ਦੇ ਸਤਾਰਵੇਂ ਅੰਕ ਅਨੁਸਾਰ ਸਿੰਚਾਈ ਅਤੇ ਬਿਜਲੀ ਦੇ ਮਹਿਕਮੇ ਸੂਬਿਕ ਸਰਕਾਰਾਂ ਦੇ ਅਧਿਕਾਰ ਵਿਚ ਹਨ। ਜਿਤਨਾ ਚਿਰ ਵਿਧਾਨ ਵਿਚ ਤਰਮੀਮ ਨਾ ਕੀਤੀ ਜਾਏ, ਪਾਰਲੀਮੈਂਟ ਨੂੰ ਇਨ੍ਹਾਂ ਮਹਿਕਮਿਆਂ ਨੂੰ ਕੇਂਦਰ ਦੇ ਹੱਥ ਦੇਣ ਵਾਲਾ ਕਾਨੂੰਨ ਬਣਾਉਣ ਦਾ ਹੱਕ ਨਹੀਂ। ਪਰ ਪੰਜਾਬ ਨੂੰ ਨਵਿਓਂ ਸਿਰਿਓਂ ਵਿਉਂਤਣ ਦੇ ਕਾਨੂੰਨ ਦੀਆਂ ੭੮ ਤੋਂ ੮੦ ਧਾਰਾ ਰਾਹੀਂ ਕੇਂਦਰੀ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਨੂੰ ਵੰਡਣ, ਅਤੇ ਇਨ੍ਹਾਂ ਸੰਬੰਧੀ ਚਾਲੂ ਸਕੀਮਾਂ, ਅਤੇ ਇਨ੍ਹਾਂ ਵਿਚ ਵਾਧੇ ਕਰਨ ਦਾ ਅਧਿਕਾਰ ਪੰਜਾਬ ਸਰਕਾਰ ਤੋਂ ਖੋਹ ਕੇ ਆਪਣੇ ਅਧਿਕਾਰ ਵਿਚ ਕਰ ਲਿਆ ਹੈ। ਇਹ ਗ਼ੈਰ-ਵਿਧਾਨਕ ਤੇ ਗ਼ੈਰ-ਕਾਨੂੰਨੀ ਕਾਰਵਾਈ ਸਰੀਹਨ ਧੱਕੇ-ਸ਼ਾਹੀ ਹੈ।

(ਅ) ਪੰਜਾਬ ਨਾਲ ਹੋ ਰਹੇ ਵਿਤਕਰੇ ਨੂੰ ਜ਼ਾਹਰ ਕਰਨ ਵਾਲੀ ਇਕ ਵੱਡੀ ਮਿਸਾਲ ਇਹ ਹੈ ਕਿ ਕੇਂਦਰ ਨੇ ਜਮਨਾ ਦਰਿਆ ਦੇ ਪਾਣੀਆਂ ਦੀ ਵੰਡ, ਅਤੇ ਉਸ ਉਤੇ ਬਣੇ ਤਾਜੇਵਾਲਾ ਤੇ ਓਖਲਾ (ਅਤੇ ਘਗਰ ਦਰਿਆ ਉਤੇ ਬਣੇ) ਡੈਮਾਂ ਤੇ ਪ੍ਰਾਜੈਕਟਾਂ ਦਾ ਕੰਟਰੋਲ ਹਰਿਆਣਾ ਸਰਕਾਰ ਪਾਸ ਹੀ ਰਹਿਣ ਦਿੱਤਾ ਹੈ। ਪਰ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਅਤੇ ਉਨ੍ਹਾਂ ਉਤੇ ਬਣੇ ਪ੍ਰਾਜੈਕਟਾਂ ਤੇ ਡੈਮਾਂ ਦਾ ਪ੍ਰਬੰਧ ਤੇ ਕੰਟਰੋਲ ਪੰਜਾਬ ਸਰਕਾਰ ਕੋਲੋਂ ਖੋਹ ਕੇ ਆਪਣੇ ਹੱਥ ਵਿਚ ਕਰ ਲਿਆ ਹੈ। ਇਹ ਵਿਤਕਰਾ ਵਿਧਾਨ ਦੀ ਚੌਧਵੀਂ ਧਾਰਾ ਦੇ ਵਿਰੁਧ ਹੈ। ਇਸ ਕਰਕੇ ਵੀ ਧਾਰਾ ੭੮ ਤੋਂ ੮੦ ਗ਼ੈਰ-ਵਿਧਾਨਕ ਹਨ।

(ੲ) ਦੁਨੀਆ ਭਰ ਵਿਚ ਮੰਨਿਆ ਪਰਮੰਨਿਆ ਦਰਿਆਵਾਂ ਦੇ ਪਾਣੀਆਂ ਬਾਰੇ ਲਾਗੂ ਕਾਨੂੰਨ ਤੇ ਵਰਤੋਂ ਇਹ ਹੈ ਕਿ ਕਿਸੇ ਦਰਿਆ ਦੇ ਪਾਣੀ ਦੇ ਹੱਕਦਾਰ ਕੇਵਲ ਉਹ ਇਲਾਕੇ ਹੁੰਦੇ ਹਨ, ਜਿਨ੍ਹਾਂ ਵਿਚੋਂ ਉਹ ਦਰਿਆ ਲੰਘਦਾ ਹੋਵੇ, ਜਾਂ ਜਿਨ੍ਹਾਂ ਦਾ ਪਾਣੀ ਦਰਿਆ ਵਿਚ ਪੈਂਦਾ ਹੋਵੇ। ਰਾਵੀ ਬਿਆਸ ਤੇ ਸਤਲੁਜ ਪੰਜਾਬ ਦੇ ਤਿੰਨ ਦਰਿਆ ਰਾਜਸਥਾਨ, ਹਰਿਆਣਾ ਤੇ ਦਿੱਲੀ ਪ੍ਰਾਂਤਾਂ ਵਿਚੋਂ ਦੀ ਨਾ ਲੰਘਦੇ ਹਨ ਅਤੇ ਨਾ ਇਨ੍ਹਾਂ ਪ੍ਰਾਂਤਾਂ ਦਾ ਪਾਣੀ ਇਨ੍ਹਾਂ ਦਰਿਆਵਾਂ ਵਿਚ ਪੈਂਦਾ ਹੈ। ਇਸ ਕਰਕੇ ਰਾਜਸਥਾਨ, ਹਰਿਆਣਾ ਤੇ ਦਿੱਲੀ ਪ੍ਰਾਂਤਾਂ ਦਾ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਵਿਚ ਕੋਈ ਹੱਕ ਨਹੀਂ ਬਣਦਾ।

ਇਸ ਗੱਲ ਦੀ ਪੁਸ਼ਟੀ ਸਰਕਾਰ ਦੀ ਆਪਣੀ ਬਣਾਈ ਅਦਾਲਤ ਦੇ ਫੈਸਲੇ ਤੋਂ ਹੁੰਦੀ ਹੈ। ਸਰਕਾਰ ਨੇ ਨਰਬਦਾ ਦਰਿਆ ਦੇ ਪਾਣੀ ਦੀ ਵੰਡ ਦਾ ਝਗੜਾ ਨਿਪਟਾਉਣ ਲਈ ਇਕ ਅਦਾਲਤ (ਟ੍ਰਿਬੀਊਨਲ) ਕਾਇਮ ਕੀਤੀ। ਰਾਜਸਥਾਨ ਨੇ ਨਰਬਦਾ ਦੇ ਪਾਣੀ ਵਿਚੋਂ ਹਿੱਸਾ ਵੰਡਾਉਣ ਲਈ ਅਰਜ਼ੀ ਦੇ ਦਿੱਤੀ। ਇਸ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਰਾਜਸਥਾਨ ਦਾ ਨਰਬਦਾ ਦੇ ਪਾਣੀਆਂ ਵਿਚ ਕੋਈ ਹੱਕ ਨਹੀਂ ਬਣਦਾ, ਕਿਉਂਕਿ ਨਾ ਨਰਬਦਾ ਦਰਿਆ ਰਾਜਸਥਾਨ ਵਿਚੋਂ ਦੀ ਲੰਘਦਾ ਹੈ ਅਤੇ ਨਾ ਰਾਜਸਥਾਨ ਦੇ ਇਲਾਕੇ ਦਾ ਪਾਣੀ ਨਰਬਦਾ ਵਿਚ ਪੈਂਦਾ ਹੈ।

ਦਰਿਆਵਾਂ ਦੇ ਪਾਣੀਆਂ ਵਿਚ ਹੱਕਾਂ ਬਾਰੇ ਕੌਮਾਂਤਰੀ ਕਾਨੂੰਨ ਤੇ ਵਰਤੋਂ ਦੇ ਉਲਟ, ਅਤੇ ਨਰਬਦਾ ਦੇ ਪਾਣੀ ਬਾਰੇ ਕੇਂਦਰੀ ਸਰਕਾਰ ਦੇ ਆਪਣੇ ਟ੍ਰਿਬੀਊਨਲ ਦੇ ਫੈਸਲੇ ਦੇ ਵਿਰੁਧ, ਕੇਂਦਰੀ ਸਰਕਾਰ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਵਿਚ ਰਾਜਸਥਾਨ, ਹਰਿਆਣਾ ਤੇ ਦਿਲੀ ਪ੍ਰਾਂਤਾਂ ਦਾ ਹੱਕ ਬਦੋ ਬਦੀ ਕਾਇਮ ਕਰਦੀ ਹੈ।

**ਵਿੰਗ ਟੇਢ** :– ਜਦੋਂ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਕਾਰ ਬਣੀ ਤਾਂ ੧੯੭੬ ਵਾਲੇ ਫੈਸਲੇ ਦੇ ਵਿਰੁਧ ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਦਾਅਵਾ ਕਰ ਦਿੱਤਾ ਗਿਆ। ਕੇਂਦਰ ਨੂੰ ਇਹ ਖੁੜਕਦੀ ਸੀ ਕਿ ਸੁਪਰੀਮ ਕੋਰਟ ੧੯੭੬ ਦੇ ਫੈਸਲੇ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦੇਵੇਗੀ। ਇਸ ਵਾਸਤੇ ਜਦੋਂ ਅਕਾਲੀਆਂ ਦੀ ਸਰਕਾਰ ਤੋੜ ਕੇ ਫਿਰ ਪੰਜਾਬ ਵਿਚ ਕਾਂਗਰਸੀ ਸਰਕਾਰ ਸਥਾਪਤ ਹੋਈ, ਤਾਂ


www.AKJ.Org

ਰਾਜਸਥਾਨ, ਹਰਿਆਣਾ ਤੇ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀਆਂ ਦੀ ਮੀਟਿੰਗ ਕਰ ਕੇ ਇਕ ਐਗਰੀਮੈਂਟ ਉਤੇ ਦਸਖ਼ਤ ਕਰਵਾਏ ਗਏ ਅਤੇ ਸੁਪਰੀਮ ਕੋਰਟ ਵਿਚ ਕੀਤੇ ਦਾਅਵੇ ਨੂੰ ਵਾਪਸ ਲੈ ਲਿਆ ਗਿਆ। ਇਸ ਤਰ੍ਹਾਂ ਕੇਂਦਰੀ ਤੇ ਸੂਬਿਕ ਕਾਂਗਰਸੀ ਸਰਕਾਰਾਂ ਨੇ ਮਿਲ ਕੇ, ਪੰਜਾਬ ਨਾਲ ਗ਼ੈਰ-ਵਿਧਾਨਕ ਤੇ ਗ਼ੈਰ-ਕਾਨੂੰਨੀ ਕੀਤੀ ਗਈ ਧੱਕੇਸ਼ਾਹੀ ਦਾ ਪਰਦਾ ਚੁਕੇ ਜਾਣ ਨੂੰ, ਵਿੰਗੇ ਟੇਢੇ ਢੰਗ ਰਾਹੀਂ ਬਚਾਇਆ।

**ਸੁਪਰੀਮ ਕੋਰਟ ਜਾਂ ਟ੍ਰਿਬੀਊਨਲ :–** ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦੇ ਸਵਾਲ ਦੀ ਮੂਲ-ਜੜ੍ਹ ਪੰਜਾਬ ਨੂੰ ਨਵਿਓਂ ਸਿਰਿਓਂ ਵਿਉਂਤਣ ਦੇ ਕਾਨੂੰਨ (ਪੰਜਾਬ ਰੀਔਰਗੇਨਾਈਜ਼ੇਸ਼ਨ ਐਕਟ) ਦੀਆਂ ੭੮ ਤੋਂ ੮੦ ਤੱਕ ਦੀਆਂ ਧਾਰਾਂ ਹਨ। ਇਨ੍ਹਾਂ ਧਾਰਾਂ ਰਾਹੀਂ ਕੇਂਦਰੀ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਨੂੰ ਵੰਡਣ, ਇਨ੍ਹਾਂ ਸਬੰਧੀ ਬਣੀਆਂ ਹੋਈਆਂ ਅਤੇ ਅਗੇ ਬਣਨ ਵਾਲੀਆਂ ਸਕੀਮਾਂ, ਪ੍ਰੋਜੈਕਟਾਂ, ਡੈਮਾਂ, ਆਦਿ ਦਾ ਕੰਟਰੋਲ ਤੇ ਪ੍ਰਬੰਧ ਪੰਜਾਬ ਸੂਬੇ ਦੀ ਸਰਕਾਰ ਤੋਂ ਖੋਹ ਕੇ ਆਪਣੇ ਅਧਿਕਾਰ ਵਿਚ ਲੈ ਲਿਆ ਹੈ। ਇਸੇ ਅਧਿਕਾਰ ਦੀ ਵਰਤੋਂ ਕਰਕੇ ਕੇਂਦਰੀ ਸਰਕਾਰ ਨੇ ੧੯੭੬ ਦੇ ਫੈਸਲੇ ਤੇ ੩੧ ਦਸੰਬਰ ੧੯੮੧ ਦੇ ਐਗਰੀਮੈਂਟ ਦਵਾਰਾ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦਾ ੭੬ ਫੀ ਸਦੀ ਹਿੱਸਾ, ਦਰਿਆਵਾਂ ਵਿਚ ਹੱਕਾਂ ਤੋਂ ਵਾਂਜੇ (ਨੋਨ-ਰੀਪੇਰੀਅਨ) ਪ੍ਰਾਂਤਾਂ ਰਾਜਸਥਾਨ, ਦਿਲੀ ਤੇ ਹਰਿਆਣਾ ਨੂੰ ਵੰਡ ਦਿਤਾ ਹੈ ਅਤੇ ਪੰਜਾਬ ਦੇ ਹਿਸੇ ਕੇਵਲ ੨੪ ਫੀ ਸਦੀ ਬਚਿਆ ਹੈ।

ਜਿਤਨਾ ਚਿਰ ਇਹ ਕੰਟਰੋਲ ਕੇਂਦਰ ਪਾਸ ਹੈ, ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦੀ ਜਾਨ 'ਸੁਥਰੇ ਹੱਥ ਦਿੜੀ' ਵਾਕੁਰ ਕੇਂਦਰੀ ਸਰਕਾਰ ਦੀ ਮੁੱਠੀ ਵਿਚ ਰਹੇਗੀ। ਜਦੋਂ ਜੀਅ ਚਾਹੇ ਤੇ ਜਿਤਨੀ ਚਾਹੇ ਮੋਕਲੀ ਕਰ ਦੇਵੇ, ਅਤੇ ਜਦੋਂ ਜੀਅ ਕਰੇ ਜਿਤਨੀ ਘੁਟ ਦੇਵੇ।

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦੇ ਸਵਾਲ ਨੂੰ ਕਿਸੇ ਕਮਿਸ਼ਨ ਜਾਂ ਟ੍ਰਿਬੀਊਨਲ ਕੋਲ ਪੇਸ਼ ਕਰਨ ਨਾਲ ਪੰਜਾਬੀਆਂ ਦਾ ਸਦਾ ਲਈ ਗਲ ਘੁਟਿਆ ਜਾਵੇਗਾ। ਕਿਉਂਕਿ ਇਹ ਮਾਮਲਾ ਟ੍ਰਿਬੀਊਨਲ ਦੇ ਹਵਾਲੇ ਹੋ ਜਾਣ ਨਾਲ ਅਸੀਂ ਇਹ ਆਪ ਮੰਨ ਲਵਾਂਗੇ ਕਿ ਪੰਜਾਬ ਦੇ ਦਰਿਆਵਾਂ ਵਿਚ ਰਾਜਸਥਾਨ, ਹਰਿਆਣੇ ਤੇ ਦਿੱਲੀ ਪ੍ਰਾਂਤਾਂ ਦਾ ਵੀ ਹੱਕ ਹੈ। ਦੂਸਰੇ, ਟ੍ਰਿਬੀਊਨਲ ਰਾਹੀਂ ਇਕ ਵੇਰ ਫੈਸਲਾ ਹੋ ਜਾਣ ਨਾਲ (ਇੰਟਰਸਟੇਟ ਰਿਵਰ ਡਿਸਪੀਊਟ ਐਕਟ ਦੇ ਸੈਕਸ਼ਨ-੧੧ ਮੁਤਾਬਕ) ਪੰਜਾਬ ਨੂੰ ਗ਼ੈਰ-ਵਿਧਾਨਕ ੭੮ ਤੋਂ ੮੦ ਧਾਰਾ ਸੁਪਰੀਮ ਕੋਰਟ ਰਾਹੀਂ ਤੁੜਵਾਉਣ ਦਾ ਕਾਨੂੰਨੀ ਦਰਵਾਜ਼ਾ ਹਮੇਸ਼ਾ ਲਈ ਬੰਦ ਹੋ ਜਾਵੇਗਾ। ਤੀਸਰੇ, ਇਹ ਵੀ ਹੋ ਸਕਦਾ ਹੈ ਕਿ ਪੰਜਾਬ ਸਰਕਾਰ, ਟ੍ਰਿਬੀਊਨਲ ਦੇ ਸਾਹਮਣੇ, ਰਾਜਸਥਾਨ ਤੇ ਹਰਿਆਣਾ ਤੇ ਦਿੱਲੀ ਪ੍ਰਾਂਤਕ ਸਰਕਾਰਾਂ ਨਾਲ ਪਾਣੀਆਂ ਤੇ ਬਿਜਲੀ ਦੀ ਵੰਡ ਬਾਰੇ ਪੰਜਾਬ ਨਾਲ ਧੱਕਾ ਕਰਨ ਵਾਲਾ ਕੋਈ ਐਸਾ ਐਗਰੀਮੈਂਟ ਕਰ ਲਵੇ, ਜਿਹਾ ਕਿ ਪੰਜਾਬ ਦੀ ਕਾਂਗਰਸੀ ਸਰਕਾਰ ਨੇ ੧੯੮੧ ਵਿਚ ਕੀਤਾ ਸੀ। ਟ੍ਰਿਬੀਊਨਲ ਰਾਹੀਂ ਐਸੇ ਕੀਤੇ ਐਗਰੀਮੈਂਟ ਨੂੰ ਫਿਰ ਸੁਪਰੀਮ ਕੋਰਟ ਵੀ ਨਹੀਂ ਬਦਲ ਸਕੇਗੀ।

ਅਸਲੀ ਗੱਲ ਤਾਂ ਇਹ ਹੈ ਕਿ ਟ੍ਰਿਬੀਊਨਲ ਵਿਚ ਸਿਰਫ਼ ਪ੍ਰਾਂਤਾਂ ਦੇ ਪਾਣੀਆਂ ਦੀ ਵੰਡ ਬਾਰੇ ਉਹ ਝਗੜੇ ਜਾ ਸਕਦੇ ਹਨ ਜੋ ਦੋ ਜਾਂ ਵੱਧ ਪ੍ਰਾਂਤਾਂ ਵਿਚ ਵਗਣ ਵਾਲੇ ਦਰਿਆਵਾਂ ਬ ਬਤ ਹੋਣ। ਪਰ ਸਤਲੁਜ, ਰਾਵੀ ਤੇ ਬਿਆਸ ਕੇਵਲ ਪੰਜਾਬ ਵਿਚ ਵਗਦੇ ਹਨ। ਇਸ ਲਈ ਇਨ੍ਹਾਂ ਦਰਿਆਵਾਂ ਦਾ ਝਗੜਾ ਟ੍ਰਿਬੀਊਨਲ ਕੋਲ ਕਾਨੂੰਨੀ ਤੌਰ ਉਤੇ ਜਾ ਹੀ ਨਹੀਂ ਸਕਦਾ। ਟ੍ਰਿਬੀਊਨਲ ਦਾ ਰਾਹ ਸਾਨੂੰ ਇਸ ਲਈ ਵਿਖਾਇਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਦਾ ਰਾਹ ਹਮੇਸ਼ਾ ਲਈ ਬੰਦ ਹੋ ਜਾਏ। ਨਾ ਧਾਰਾ ੭੮ ਤੋਂ ੮੦ ਟੁਟਣ ਤੇ ਨਾ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਹੱਕ, ਕੰਟਰੋਲ ਤੇ ਪ੍ਰਬੰਧ ਪੰਜਾਬ ਪਾਸ ਰਹੇ।

ਟ੍ਰਿਬੀਊਨਲ ਕੋਲ ਜਾਣ ਨਾਲ "ਨਮਾਜ਼ ਬਖਸ਼ਾਉਣ ਗਏ, ਰੋਜ਼ੇ ਗਲ ਪੈ ਗਏ" ਵਾਲੀ ਦਸ਼ਾ ਹੋਵੇਗੀ। ਕਿਉਂਕਿ ਇਕ ਬੰਨੇ ਤਾਂ ਅਨੰਦਪੁਰ ਸਾਹਿਬ ਵਾਲੇ ਮਤੇ ਰਾਹੀਂ ਸਾਡੀ ਵੱਡੀ ਮੰਗ ਇਹ ਹੈ ਕਿ ਸਿਵਾਏ ਚਾਰ*



www.AKJ.Org

# ਸਿਖ ਇਤਿਹਾਸ ਦੇ ਡਰਾਮੇ ਜਾਂ ਫ਼ਿਲਮਾਂ ?

[ਡਾ. ਕੁੰਦਨ ਸਿੰਘ, ਐਮ.ਐਸ., ਪੀ-ਐਚ.ਡੀ. ਖੇਤੀ ਯੂਨੀਵਰਸਿਟੀ, ਲੁਧਿਆਣਾ]

ਪਿਛਲੇ ਕੁਝ ਸਾਲਾਂ ਤੋਂ ਸਿੱਖ ਇਤਿਹਾਸ ਦੇ ਡਰਾਮੇ ਖੇਡੇ ਜਾਣ ਦਾ ਰਿਵਾਜ ਤੁੱਲਿਆ ਹੈ ਅਤੇ ਕੁਝ ਗੁਰ-ਫੁਰਮਾਨਾਂ 'ਸਵਾ ਲਾਖ ਸੇ ਏਕ ਲੜਾਊਂ', 'ਮਨ ਜੀਤੇ ਜਗ ਜੀਤ' 'ਗੁਰੂ ਮਾਨੀਓ ਗ੍ਰੰਥ', 'ਦੁਖ ਭੰਜਨ ਤੇਰਾ ਨਾਮ' ਆਦਿ ਅਤੇ ਸਿੱਖ ਕਵੀਆਂ ਦੀਆਂ ਰਚਨਾਵਾਂ ਦੀਆਂ ਤੁਕਾਂ ਦੇ ਸਿਰਲੇਖਾਂ ਹੇਠ ਵੀ ਫਿਲਮਾਂ ਬਣਾਈਆਂ ਗਈਆਂ ਹਨ, 'ਨਾਨਕ ਨਾਮ ਜਹਾਜ਼ ਹੈ', 'ਰਾਜ ਕਰੇਗਾ ਖਾਲਸਾ' ਆਦਿ। ਕੁਝ ਸਿੱਖ ਰਸਾਲਿਆਂ ਵਿਚ ਗੁਰੂ ਸਾਹਿਬਾਨ ਦੇ ਸਮਿਆਂ ਦੀਆਂ ਘਟਨਾਵਾਂ ਨੂੰ ਡਰਾਮਿਆਂ ਦੇ ਰੂਪ ਵਿਰ ਲਿਖਿਆ ਵੀ ਵੇਖਣ ਵਿਚ ਆਉਂਦਾ ਹੈ ਅਤੇ ਇਹ ਵੀ ਲਿਖਿਆ ਹੁੰਦਾ ਹੈ ਕਿ ਇਹ ਡਰਾਮਾ ਸਟੇਜ ਤੇ ਖੇਡਿਆ ਜਾ ਸਕਦਾ ਹੈ। ਇਨ੍ਹਾਂ ਫਿਲਮਾਂ ਅਤੇ ਡਰਾਮਿਆਂ ਦੀ ਵਿਰੋਧਤਾ ਵੀ ਕੁਝ ਗਿਣਤੀ ਦੇ ਸਿੱਖਾਂ ਵਲੋਂ ਹੁੰਦੀ ਰਹੀ ਹੈ, ਜਿਹੜੀ ਕਿ ਕੋਈ ਖਾਸ ਜਥੇਬੰਦਕ ਵਿਰੋਧਤਾ ਨਹੀਂ ਸੀ। ਕੁੱਝ ਸਿਖ ਇਨ੍ਹਾਂ ਦੇ ਖੁਲ੍ਹਮਖੁਲ੍ਹਾ ਹੱਕ ਵਿਚ ਹਨ, ਪਰ ਬਹੁ-ਗਿਣਤੀ ਨਿਰਪੱਖ ਹੀ ਰਹੀ ਹੈ।

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਖਿਆਤ ਗੁਰੂ ਅਤੇ ਪ੍ਰਗਟ ਗੁਰਾਂ ਦੀ ਦੇਹ ਮੰਨਦੇ ਹਾਂ। ਇਥੇ ਅਸੀਂ ਇਕ ਉਦਾਹਰਣ 'ਨਾਨਕ ਨਾਮ ਜਹਾਜ਼ ਹੈ' ਫਿਲਮ ਵਿਚੋਂ ਦਿੰਦੇ ਹਾਂ। ਇਸ ਫ਼ਿਲਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ ਲੜਕੇ ਅਤੇ ਲੜਕੀ ਦਾ ਵਿਆਹ ਹੁੰਦਾ ਵਿਖਾਇਆ ਗਿਆ ਹੈ। ਆਮ ਜ਼ਿੰਦਗੀ ਵਿਚ ਵੀ ਵਿਆਹ ਦੇ ਕੁਝ ਰਿਸ਼ਤੇ ਕਈਆਂ ਕਾਰਨਾਂ ਕਰਕੇ ਕੁਝ ਵਿਅਕਤੀਆਂ ਵਿਚ ਟੁੱਟ ਜਾਂਦੇ ਹਨ। ਪਰ ਅਨੰਦ ਕਾਰਜ ਸਮੇਂ ਕਿਸੇ ਦੇ ਮਨ ਵਿਚ ਇਹ ਨਹੀਂ ਹੁੰਦਾ ਕਿ ਛੱਡ-ਛਡਾਈ ਹੋ ਜਾਵੇਗੀ। ਪਰੰਤੂ ਇਸ ਫ਼ਿਲਮੀ-ਵਿਆਹ ਦਾ ਤਾਂ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਇਹ ਇਕ ਫ਼ਰਜ਼ੀ ਵਿਆਹ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਾਸਰ ਅਪਮਾਨ ਹੈ। ਕੀ ਇੰਜ ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਲਾਕਾਰ (Actor) ਨਹੀਂ ਬਣਾ ਲਿਆ ?

ਅਜੇ ਤਾਂ ਫਿਲਮਾਂ ਵਾਲੇ ਝਿਜਕਦੇ ਝਿਜਕਦੇ ਪੈਰ-ਧਰਾਵਾ ਕਰ ਰਹੇ ਹਨ। ਸਮਾਂ ਆ ਸਕਦਾ ਹੈ ਜਦੋਂ ਗੁਰੂ ਸਾਹਿਬਾਨ ਦੇ ਸਾਂਗ ਵੀ ਬਣਨ ਲੱਗ ਜਾਣਗੇ, ਕਿਉਂਕਿ ਭਾਈ ਲਾਲੋ ਤੇ ਮਲਕ ਭਾਗੋ ਦਾ ਡਰਾਮਾ ਤਾਂ ਵੇਖਣ ਵਿਚ ਆਇਆ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਥਾਂ ਚਾਨਣ (ਲਾਈਟ) ਵਿਖਾਈ ਗਈ ਹੈ, ਜਿਸਦਾ ਨਤੀਜਾ ਇਹ ਵੀ ਹੋ ਸਕਦਾ ਹੈ ਕਿ ਕੁਝ ਸਮਾਂ ਪਾ ਕੇ ਸਾਧਾਰਨ ਸਿੱਖ ਬਿਜਲੀ ਦੇ ਬਲਬਾਂ ਅਤੇ ਜੋਤਾਂ ਨੂੰ ਗੁਰੂ ਸਮਝ ਕੇ ਮੱਥਾ ਟੇਕਣ ਲਗ ਪੈਣਗੇ।

'ਖਾਲਸਾ ਸਮਾਚਾਰ' ਅੰਮ੍ਰਿਤਸਰ ਵਿਚ ਕੁਝ ਸਾਲ ਪਹਿਲਾਂ ਛਪੀ ਇਕ ਖ਼ਬਰ ਅਨੁਸਾਰ ਮਾਤਾ ਗੁਜਰੀ

---

*ਮਹਿਕਮਿਆਂ ਦੇ ਕੇਂਦਰੀ ਸਰਕਾਰ ਦੇ ਸਾਰੇ ਮਹਿਕਮੇ ਪ੍ਰਾਂਤਾਂ ਦੇ ਅਧਿਕਾਰ ਵਿਚ ਆ ਜਾਣ, ਪਰ ਟ੍ਰਿਬੀਊਨਲ ਕੋਲ ਜਾਣ ਨਾਲ ਨਤੀਜਾ ਇਹ ਹੋਵੇਗਾ ਕਿ ਅਸੀਂ ਆਪਣੀ ਹੱਥੀਂ ਸਿੰਚਾਈ ਤੇ ਬਿਜਲੀ ਦੇ ਦੋ ਜ਼ਰੂਰੀ ਤੇ ਵੱਡੇ ਪ੍ਰਾਂਤਕ ਮਹਿਕਮੇ ਪੰਜਾਬ ਦੇ ਅਧਿਕਾਰ ਵਿਚੋਂ ਕੱਢ ਕੇ ਕੇਂਦਰ ਨੂੰ ਖ਼ੁਦ ਆਪ ਅਰਪਣ ਕਰ ਆਵਾਂਗੇ।

***ਪੰਜਾਬੀ ਭਰਾਓ,*** ਆਪਣੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਦਾ ਸਵਾਲ ਕਿਸੇ ਇਕ ਫ਼ਿਰਕੇ ਜਾਂ ਪਾਰਟੀ ਦਾ ਸਵਾਲ ਨਹੀਂ। ਇਹ ਸਾਰੇ ਪੰਜਾਬੀਆਂ ਲਈ ਆਉਣ ਵਾਲੀਆਂ ਨਸਲਾਂ ਤਕ ਜ਼ਿੰਦਗੀ ਮੌਤ ਦਾ ਸਵਾਲ ਹੈ। ਖੇਤੀ ਬਾੜੀ ਪਾਣੀ ਉਤੇ ਨਿਰਭਰ ਹੈ ਅਤੇ ਸਨਅਤ ਬਿਜਲੀ ਉਤੇ ਨਿਰਭਰ ਹੈ। ਜਾਗੋ, ਤੁਹਾਡਾ ਘਰ ਲੁਟਿਆ ਜਾ ਰਿਹਾ ਹੈ। ਵੇਲਾ ਸੰਭਾਲੋ। **ਘਸਿਆਰੇ ਬਣਨ ਦੇ ਰਾਹ ਪੈਣੋਂ ਬਚੋ।**



www.AKJ.Org

ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗੱਲਬਾਤ (ਗੁਫਤਗੂ) ਰੇਡੀਓ ਤੋਂ ਪ੍ਰਸਾਰਤ ਹੋ ਚੁੱਕੀ ਹੈ। ਤੇ ਕੁਝ ਸੰਸਥਾਵਾਂ ਵਲੋਂ ਇਸਦੀ ਵਿਰੋਧਤਾ ਵੀ ਕੀਤੀ ਗਈ। ਇਹ ਗੱਲ ਤਾਂ ਪ੍ਰਤੱਖ ਹੈ ਕਿ ਇਨ੍ਹਾਂ ਫਿਲਮਾਂ ਅਤੇ ਡਰਾਮਿਆਂ ਵਿਚ ਕਲਾਕਾਰਾਂ (actors) ਨੇ ਹੀ ਕੰਮ ਕਰਨਾ ਹੈ ਅਤੇ ਇਹ ਟਕਿਆਂ ਦੇ ਯਾਰ ਜੇ ਅੱਜ ਕਿਸੇ ਮਹਾਨ ਮਹਾਂ-ਪੁਰਖ ਦਾ ਰੋਲ ਅਦਾ ਕਰਨਗੇ ਤਾਂ ਭਲਕ ਨੂੰ ਹੋ ਸਕਦਾ ਹੈ ਕਿਸੇ ਮਾੜੇ ਪੁਰਖ ਦਾ ਸਾਂਗ ਬਣਨ। ਇਨ੍ਹਾਂ ਦੀ ਨਿੱਜੀ ਜ਼ਿੰਦਗੀ ਦਾ ਵੀ ਸਭ ਨੂੰ ਪਤਾ ਹੀ ਹੁੰਦਾ ਹੈ। ਕਈ ਸਾਲ ਪਹਿਲਾਂ ਇਕ ਕਲਾਕਾਰ ਅਤੇ ਕਲਾਕਾਰਨੀ ਨੇ ਇਕ ਫਿਲਮ ਵਿਚ ਮਾਂ ਪੁੱਤ ਦਾ ਰੋਲ ਕੀਤਾ, ਪਰ ਕੁਝ ਦਿਨਾਂ ਪਿਛੋਂ ਵਿਆਹ ਕਰਾ ਕੇ ਪਤੀ ਪਤਨੀ ਬਣ ਗਏ। ਐਸੇ ਹਾਲਾਤ ਵਿੱਚ ਦੇਹਧਾਰੀ 'ਗੁਰੂਆਂ' ਨੂੰ ਵੀ ਸ਼ਹਿ ਮਿਲੇਗੀ, ਉਹ ਆਖਣਗੇ ਕਿ ਫਲਾਣਾ ਕਲਾਕਾਰ, ਜਿਸਦਾ ਕਿ ਆਚਾਰ ਆਮ ਆਦਮੀ ਤੋਂ ਵੀ ਮਾੜਾ ਹੈ, ਅਮਕੇ ਮਹਾਂਪੁਰਖ ਦਾ ਸਾਂਗ ਬਣ ਸਕਦਾ ਹੈ ਤਾਂ ਮੈਂ ਗੁਰੂ ਕਿਉਂ ਨਹੀਂ ਕਹਾ ਸਕਦਾ ?

ਫਿਲਮਾਂ ਅਤੇ ਡਰਾਮੇ ਬਣਾਉਣ ਵਿਚ ਧਾਰਮਕ ਪੱਖ ਦਾ ਤਾਂ ਪੜਦਾ ਜਾਂ ਆਸਰਾ ਹੀ ਹੁੰਦਾ ਹੈ, ਪਰ ਅਸਲ ਮੰਤਵ ਵਪਾਰਕ ਹੁੰਦਾ ਹੈ। ਇਸ ਕਰਕੇ ਇਨ੍ਹਾਂ ਨੂੰ ਮਨੋਰੰਜਕ ਬਣਾਉਣ ਦਾ ਹਰ ਹੀਲਾ ਕੀਤਾ ਜਾਵੇਗਾ ਅਤੇ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਹੋਣਗੇ, ਜਿਸ ਕਾਰਨ ਇਤਿਹਾਸ ਵਿਗਾੜ ਕੇ ਰੱਖ ਦਿਤਾ ਜਾਵੇਗਾ। ਮਿਸਾਲ ਵਜੋਂ ਸਿੱਖ ਇਤਿਹਾਸ ਦੇ ਕਈ ਅਜਿਹੇ ਨਾਵਲ ਵੀ ਵੇਖਣ ਵਿਚ ਆਉਂਦੇ ਹਨ, ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਲਿਖਾਰੀ ਇਤਿਹਾਸ ਤੋਂ ਬੜੀ ਦੂਰ ਚਲੇ ਗਏ ਹਨ। ਇਤਿਹਾਸ ਦੇ ਲਿਖਾਰੀ ਵੀ ਕਈ ਕਿਸਮ ਦੇ ਲਾਲਚਾਂ ਵਿਚ ਆ ਕੇ ਕਈ ਗਲਤ ਗੱਲਾਂ ਲਿਖ ਜਾਂਦੇ ਹਨ।

ਇਹ ਫਿਲਮਾਂ ਵਾਲੇ ਅਜੇ ਪੈਰ ਟਿਕਾਅ ਰਹੇ ਹਨ, ਜਦੋਂ ਊਠ ਵਾਂਗੂ ਅਰਬੀ ਸੌਦਾਗਰ ਦੇ ਤੰਬੂ ਵਿਚ ਵੜ ਗਏ ਤਾਂ ਆਪਣੀ ਮਨ-ਮਰਜ਼ੀ ਕਰਨਗੇ। ਫਿਰ ਹੋ ਸਕਦਾ ਹੈ ਕਿ ਇਸ ਗ਼ਲਤ ਪ੍ਰਥਾ ਨੂੰ ਰੋਕਣ ਵਾਸਤੇ ਭਾਰੀ ਤਰੱਦਦ ਕਰਨਾ ਪਵੇ।

ਪੁਰਾਤਨ ਇਤਿਹਾਸ ਵਿਚ ਇਕ ਮਿਸਾਲ ਮਿਲਦੀ ਹੈ, ਜਿਸ ਵਿਚ ਸਿੱਖਾਂ ਨੇ ਨਹੀਂ ਸਗੋਂ ਗ਼ੈਰ-ਸਿੱਖ ਭੱਟਾਂ ਨੇ ਸਿੰਘਾਂ ਦਾ ਨਾਟਕ ਖੇਡ ਕੇ ਮੁਗਲ ਬਾਦਸ਼ਾਹ ਨੂੰ ਵਿਖਾਇਆ ਸੀ। ਪਰ ਸਿੱਖਾਂ ਨੇ ਐਸੀਆਂ ਕਲਾ-ਕਾਰੀਆਂ ਤੇ ਸੰਕੋਚ ਹੀ ਨਹੀਂ ਕੀਤਾ, ਸਗੋਂ ਵਿਰੋਧਤਾ ਕੀਤੀ ਹੈ। ਦਸਮ ਪਾਤਸ਼ਾਹ ਦਾ ਮੁੱਖਵਾਕ ਹੈ ਕਿ– "ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥" ਇਹ ਇਕ ਸੋਚਣ ਅਤੇ ਵਿਚਾਰਨ ਵਾਲੀ ਗੱਲ ਹੈ ਕਿ ਅਜਿਹੀਆਂ ਸਿੱਖ ਇਤਿਹਾਸ ਨੂੰ ਪੇਸ਼ ਕਰਨ ਵਾਲੀਆਂ ਫ਼ਿਲਮਾਂ ਅਤੇ ਡਰਾਮੇ ਬਣਨੇ ਚਾਹੀਦੇ ਹਨ ਜਾਂ ਨਹੀਂ ?

ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਜ਼ਿੰਦਗੀ ਦੇ ਹਰ ਪੱਖ ਬਾਰੇ ਮਹਾਨ ਸਿਖਿਆ ਮਿਲਦੀ ਹੈ, ਜੋ ਸਾਰੀ ਮਨੁੱਖਤਾ ਵਾਸਤੇ ਹੈ ਤੇ ਖ਼ਾਸ ਕਰਕੇ ਸਿੱਖਾਂ ਨੂੰ ਅਪਨਾਉਣੀ ਜ਼ਰੂਰੀ ਹੈ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੌਲਤ ਖ਼ਾਂ ਲੋਧੀ ਨੂੰ ਸਿੱਖਿਆ ਦਿੱਤੀ ਕਿ ਨਮਾਜ਼ ਪੜ੍ਹਨ ਵੇਲੇ ਧਿਆਨ ਨਮਾਜ਼ ਵਿਚ ਹੋਣਾ ਚਾਹੀਦਾ ਹੈ ਨਾ ਕਿ ਦੁਨਿਆਵੀ ਧੰਦਿਆਂ ਵਿੱਚ, ਤਾਂ ਇਹ ਸਿਖਿਆ ਸਿਖਾਂ ਤੇ ਵੀ ਬਰਾਬਰ ਉਤਨੀ ਹੀ ਲਾਗੂ ਹੁੰਦੀ ਹੈ ਜਿਤਨੀ ਕਿ ਕਿਸੇ ਹੋਰ ਤੇ। ਸਾਨੂੰ ਵੀ ਪਾਠ ਕਰਨ ਸਮੇਂ ਬਿਰਤੀ ਪਾਠ ਵਿਚ ਜੋੜਨੀ ਲੋੜੀਦੀ ਹੈ। ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਰਾਸਾਂ ਵਿਚ ਨੱਚਣ ਅਤੇ ਸਾਂਗ ਬਣਨ ਵਾਲੇ ਉਸ ਸਮੇਂ ਦੇ ਡਰਾਮਾਕਾਰਾਂ ਬਾਰੇ ਬਾਣੀ ਉਚਾਰੀ ਹੈ ਅਤੇ ਇਨ੍ਹਾਂ ਗੱਲਾਂ ਦੀ ਨਿਖੇਧੀ ਕੀਤੀ ਹੈ। ਗੁਰ ਫੁਰਮਾਨ ਹੈ:–

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆਂ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥
ਗਾਵਨਿ ਗੋਪੀਆਂ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥


www.AKJ.Org

ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥
ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਾ ਮਨਿ ਚਾਉ ॥
ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲੰਘਾਏ ਪਾਰਿ ॥
ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥
ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥
ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥
ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥
ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡ ਨ ਜਾਹੀ ਸਿਧ ਨਾ ਹੋਹਿ ॥
ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ,ਤਿਨ੍ਾ ਮਨਿ ਭਾਉ ॥੨॥੫॥
(ਆਦਿ ਗ੍ਰੰਥ, ਪੰਨਾ ੪੬੫)

ਅੰਤਲੀ ਤੁਕ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨੱਚਣਾ ਕੁੱਦਣਾ (ਕੇਵਲ) ਮਨ ਦਾ ਸ਼ੌਕ ਹੈ। ਹੇ ਨਾਨਕ ! ਪ੍ਰੇਮ ਕੇਵਲ ਉਨ੍ਹਾਂ ਦੇ ਮਨ ਵਿਚ ਹੀ ਹੈ ਜਿੰਨ੍ਹਾਂ ਦੇ ਮਨ ਵਿਚ ਡਰ (ਭੈ-ਭਾਵਨੀ) ਹੈ ।

**ਕੋਈ ਵੀ ਆਪਣੇ ਬਾਪ ਦੀ ਨਕਲ ਨਹੀਂ ਉਤਾਰਦਾ, ਕਿਉਂਕਿ ਬਾਪ ਵਾਸਤੇ ਸੰਤਾਨ ਦੇ ਮਨ ਵਿਚ ਸਤਿਕਾਰ ਹੁੰਦਾ ਹੈ । ਇਸੇ ਤਰ੍ਹਾਂ ਆਪਣੇ ਬਜ਼ੁਰਗਾਂ ਅਤੇ ਮਹਾਂਪੁਰਖਾਂ ਦੇ ਸਾਂਗ ਉਤਾਰਨੇ ਕੀ ਜਾਇਜ਼ ਹਨ ?**

ਫਿਲਮਾਂ ਅਤੇ ਡਰਾਮਿਆਂ ਦਾ ਮੰਤਵ ਤਾਂ ਧਰਮ-ਪ੍ਰਚਾਰ ਹੀ ਹੋ ਸਕਦਾ ਹੈ । ਇਤਿਹਾਸ ਨੂੰ ਡਰਾਮੇ ਰਾਹੀਂ ਹਰ ਸਾਲ ਦੁਹਰਾਇਆ ਵੀ ਜਾਂਦਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਹ ਡਰਾਮੇ ਧਰਮ ਪ੍ਰਚਾਰ ਵਿਚ ਕਿੰਨੇ ਕੁ ਸਹਾਇਕ ਹੁੰਦੇ ਹਨ ਅਤੇ ਇਨ੍ਹਾਂ ਰਾਹੀਂ ਧਰਮ ਦੇ ਅਨੁਆਈਆਂ ਦੇ ਧਾਰਮਿਕ ਜੀਵਨ ਤੇ ਕਿਤਨਾ ਕੁ ਅਸਰ ਪੈਂਦਾ ਹੈ ? ਜਾਂ ਕਿ ਲੋਕ ਖੇਡ ਤਮਾਸ਼ਾ ਸਮਝ ਕੇ ਹੱਥ ਝਾੜ ਕੇ ਹੀ ਘਰਾਂ ਨੂੰ ਚਲੇ ਜਾਂਦੇ ਹਨ ?

ਸਿੱਖ ਧਰਮ ਵਿਚ ਸਤਿਸੰਗਤ ਕਰਨਾ, ਧਰਮ ਪ੍ਰਚਾਰ ਅਤੇ ਮੁਕਤੀ ਦਾ ਵੱਡਾ ਸਾਧਨ ਹੈ, ਜਿਥੇ ਗੁਰਬਾਣੀ ਵੀਚਾਰ, ਕੀਰਤਨ ਜਾਂ ਇਤਿਹਾਸ ਤੇ ਵਿਚਾਰ ਹੁੰਦਾ ਹੋਵੇ–

ਸਤ ਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥੮॥ (੧੩੧੬)
[ਚਟਸਾਲ=ਪਾਠਸ਼ਾਲਾ]

ਸਤਿਗੁਰੂ ਜੀ ਨੇ ਸਤ ਸੰਗਤਿ ਦੀ ਪਰਭਾਸ਼ਾ ਇਸ ਪ੍ਰਕਾਰ ਦਿੱਤੀ ਹੈ–

ਸਤ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥੫॥ (੭੨)

ਭਾਈ ਗੁਰਦਾਸ ਜੀ ਦਾ ਵੀ ਕਥਨ ਹੈ–

"ਗੁਰ ਮੂਰਤਿ ਗੁਰ ਸ਼ਬਦ ਹੈ, ਸਾਧ ਸੰਗਤ ਵਿਚਿ ਪ੍ਰਗਟੀ ਆਈ ॥੨੫॥ (੨੪)

ਇਸ ਲਈ ਧਰਮ-ਪ੍ਰਚਾਰ ਵਾਸਤੇ ਜੋ ਪ੍ਰਚਲਤ ਸਾਧਨ ਹਨ, ਉਨ੍ਹਾਂ ਨੂੰ ਹੀ ਕਾਇਮ ਰੱਖਿਆ ਜਾਵੇ ਅਤੇ ਜੋ ਸਿੰਘ ਸਭਾ ਲਹਿਰ ਦੀਆਂ ਚਲਾਈਆਂ ਰਵਾਇਤਾਂ ਹਨ ਉਨ੍ਹਾਂ ਨੂੰ ਅਪਨਾਇਆ ਜਾਵੇ । ਹਰ ਗੁਰਦੁਆਰੇ ਵਿਚ ਸਮਰੱਥਾ ਅਨੁਸਾਰ ਛੋਟੀ ਜਾਂ ਵੱਡੀ ਲਾਇਬਰੇਰੀ ਹੋਵੇ, ਜਿਸ ਵਿਚ ਧਾਰਮਿਕ, ਇਤਿਹਾਸਕ ਪੁਸਤਕਾਂ ਅਤੇ ਰਸਾਲੇ ਭਾਰੀ ਮਾਤਰਾ ਵਿਚ ਮੰਗਾਏ ਜਾਣ। ਜਿਵੇਂ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਮਾਇਆ ਅਤੇ ਹੋਰ ਵਸਤੂਆਂ ਅਰਦਾਸ ਕਰਾਉਂਦੀਆਂ ਹਨ ਉਸੇ ਤਰ੍ਹਾਂ ਉਤਮ ਪੁਸਤਕਾਂ ਵੀ ਅਰਦਾਸ ਕਰਾਈਆਂ ਜਾਣ । ਬੱਚਿਆਂ ਤੋਂ ਲੈ ਕੇ ਬਿਰਧਾਂ ਤਕ ਗੁਰਬਾਣੀ ਅਤੇ ਇਤਿਹਾਸ ਪੜ੍ਹਨ ਦਾ ਉਤਸ਼ਾਹ ਪੈਦਾ ਕੀਤਾ ਜਾਵੇ। ਹਰ ਮਹੱਲੇ ਅਤੇ ਪਿੰਡ ਦਾ ਕੀਰਤਨੀ ਜਥਾ ਹੋਵੇ ਅਤੇ ਨਾਲ ਸੁਲਝੇ ਹੋਏ ਪ੍ਰਚਾਰਕ ਹੋਣ। ਪ੍ਰਚਾਰਕਾਂ ਤੇ ਕੀਰਤਨੀਆਂ ਦਾ ਜੀਵਨ*


www.AKJ.Org

# ਗਿਆਨੀ ਕੈਸਾ ਹੋਇ ?

—ਸੁਰਗੁ ਨਰਕੁ ਅੰਮ੍ਰਿਤੁ ਬਿਖੁ ਏ ਸਮ, ਤਿਉ ਕੰਚਨੁ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ, ਲੋਭੁ ਮੋਹੁ ਫੁਨਿ ਤੈਸਾ ॥੨॥
ਦੁਖੁ ਸੁਖੁ ਏ ਬਾਧੇ ਜਿਹ ਨਾਹਿਨ, ਤਿਹ ਤੁਮ ਜਾਨਹੁ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ, ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥–ਗਉੜੀ ਮ: ੯–੨੦੦

—ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥
ਓਇ ਭੁਲਾਏ ਕਿਸੈ ਦੇ ਨ ਭੁਲਨੀ, ਸਚੁ ਜਾਣਨਿ ਸੋਈ ॥੭॥੨੭॥–ਆਸਾ ਮ: ੩–੪੨੫

—ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣ ਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥੧੭॥
–ਰਾਮਕਲੀ ਓਅੰਕਾਰੁ ਮ: ੧–੯੩੧

—ਗਿਆਨੀਆ ਅੰਦਰਿ ਗੁਰ ਸਬਦੁ ਹੈ, ਨਿਤ ਹਰਿ ਲਿਵ ਸਦਾ ਵਿਗਾਸੁ ॥
ਹਰਿ ਗਿਆਨੀਆਂ ਕੀ ਰਖਦਾ, ਹਉ ਸਦ ਬਲਿਹਾਰੀ ਤਾਸੁ ॥
ਗੁਰਮੁਖਿ ਜੋ ਹਰਿ ਸੇਵਦੇ, ਜਨ ਨਾਨਕੁ ਤਾ ਕਾ ਦਾਸ ॥੨੧॥ –ਸਲੋਕ ਮ: ੩–੧੪੧੫

—ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥
ਗੁਰ ਪ੍ਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥ ਮ: ੪–੨੫

—ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥
ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥ –ਮਾਰੂ ਵਾਰ ਮ: ੩–੧੦੯੯

—ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥ –ਸਿਰੀਰਾਗੁ ਮ: ੩ ੬੮-੬੯

—ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲ ਜਾਉ ॥੨॥੯॥ –੬੪੬

—ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥੬॥ –ਗਉੜੀ ਮ: ੩–੨੩੨

ਸੰਗ੍ਰਹਿ ਕਰਤਾ––ਕਾਕਾ ਓਅੰਕਾਰ ਬਖਸ਼ ਸਿੰਘ ਲੁਧਿਆਣਾ

---

*ਤੇ ਆਚਰਣ ਨਮੂਨੇ ਦਾ ਹੋਵੇ। ਗੁਰਦੁਆਰਿਆਂ ਵਿਚ ਗੁਰਬਾਣੀ ਵੀਚਾਰ ਅਤੇ ਕੀਰਤਨ ਸਿਖਾਉਣ ਦਾ ਯੋਗ ਪ੍ਰਬੰਧ ਹੋਵੇ। ਸਿਖ ਬੱਚਿਆਂ ਦੀਆਂ ਧਾਰਮਿਕ ਬੈਠਕਾਂ ਦਾ ਪ੍ਰਬੰਧ ਕੀਤਾ ਜਾਵੇ, ਜਿਥੇ ਇਨ੍ਹਾਂ ਨੂੰ ਸਿਖ ਜੀਵਨ ਅਤੇ ਧਰਮ ਬਾਰੇ ਜਾਣੂ ਕਰਾਇਆ ਜਾਵੇ। ਇਹ ਹਰ ਇਕ ਸਿੱਖ ਵਿਅਕਤੀ ਦਾ ਫ਼ਰਜ਼ ਹੈ ਕਿ ਉਹ ਆਪਣੀ ਸਮਰੱਥਾ ਅਨੁਸਾਰ ਧਰਮ ਪ੍ਰਚਾਰ ਵਿਚ ਹਿੱਸਾ ਲਵੇ। ਆਦਰਸ਼ਕ ਸਿੱਖ ਜੀਵਨ ਹੀ ਪ੍ਰਚਾਰ ਦਾ ਵੱਡਾ ਸਾਧਨ ਬਣ ਸਕਦਾ ਹੈ। ਮਾਤਾ ਪਿਤਾ ਆਪ ਸਿੱਖੀ ਜੀਵਨ ਧਾਰਨ ਅਤੇ ਬੱਚਿਆਂ ਨੂੰ ਸਿੱਖਿਆ ਦੇਣ।–ਇਹ ਕੁਝ ਅਸੂਲ ਅਪਣਾਏ ਜਾਣ ਤਾਂ ਮੇਰੇ ਖਿਆਲ ਵਿਚ ਸਿੱਖੀ ਦੀ ਇਹ ਠੋਸ ਸੇਵਾ ਹੋਵੇਗੀ।

ਫਿਲਮਾਂ ਜਾਂ ਡਰਾਮਿਆਂ ਵਿਚ ਪੈਸੇ ਦੇ ਪੁਜਾਰੀ ਕਲਾਕਾਰਾਂ ਨੂੰ ਪਗੜੀਆਂ ਬੰਨ੍ਹਾਅ, ਨਕਲੀ ਮੁੱਛਾਂ ਦਾਹੜੀਆਂ ਲਗਾਅ ਅਤੇ ਕ੍ਰਿਪਾਨਾਂ ਕੜੇ ਪਹਿਨਾ ਕੇ ਉਨ੍ਹਾਂ ਪਾਸੋਂ ਗੁਰਬਾਣੀ ਦੇ ਫੁਰਮਾਨ ਜਾਂ ਲੱਛੇਦਾਰ ਡਾਇਲਾਗ ਜਾਂ ਜੈਕਾਰੇ ਸੁਣਨ ਦਾ ਅਸਰ ਵੀ ਪੰਡਾਲ ਜਾਂ ਸਟੇਜ ਤੀਕ ਹੀ ਸੀਮਤ ਰਹਿੰਦਾ ਹੈ। ਇਸਦਾ ਕੋਈ ਚਿਰ-ਸਥਾਈ ਅਸਰ ਪੈਦਾ ਹੋਵੇਗਾ––ਅਜਿਹਾ ਕਿਆਸ ਕਰਨਾ ਹੀ ਗਲਤ ਹੈ।



www.AKJ.Org

# ਅਖੰਡ-ਪਾਠ ਅਤੇ ਰਹਿਤ ਮਰਯਾਦਾ

[ਗਿ: ਹਰਬੰਸ ਸਿੰਘ ਜੀ ਤੇਗ, 'ਸਿਖ ਮਿਸ਼ਨਰੀ', ਗੁ: ਚਰਨ ਕੰਵਲ, ਬੰਗਾ]

ਸਿੱਖ ਕੌਮ ਦੀ ਵਿਲੱਖਣਤਾ ਬਾਰੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਹਦਾਇਤ ਦੇ ਦਿਤੀ ਹੈ ਅਤੇ ਨਿਆਰਾਪਨ ਹੀ ਖਾਲਸੇ ਦਾ ਜ਼ਹੂਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਹੀ 'ਸ਼ਬਦ' ਉਤੇ ਰੱਖ ਕੇ ਸਿੱਖਾਂ ਨੂੰ ਦਸਿਆ ਕਿ ਮੇਰਾ ਗੁਰੂ 'ਸ਼ਬਦ' ਹੈ। ਬਾਣੀ ਦਾ ਖਜ਼ਾਨਾ, ਗੁਰ-ਗੱਦੀ ਦੀ ਜ਼ਿਮੇਵਾਰੀ ਸੰਭਾਲਣ ਸਮੇਂ ਦੂਜੇ,ਤੀਜੇ,ਚੌਥੇ ਅਤੇ ਪੰਜਵੇਂ ਗੁਰੂ ਸਾਹਿਬ ਜੀ ਨੇ ਪ੍ਰਾਪਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਸੰਪਾਦਨ ਕਰਕੇ "ਆਦਿ ਗ੍ਰੰਥ" ਦੀ ਬੀੜ ਬੱਧੀ। ਇਸ ਆਦਿ ਬੀੜ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰ ਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਕੌਮ ਲਈ ਪੂਰਨੇ ਪਾ ਦਿਤੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੌਜੂਦਗੀ ਵਿਚ ਆਦਿ ਬੀੜ ਦੇ ਕਈ ਲਿਖਤੀ ਉਤਾਰੇ ਹੋ ਗਏ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੌਵੇਂ ਸਤਿਗੁਰੂ ਜੀ ਤੀਕ ਆਦਿ ਬੀੜ ਦੀ ਬਾਣੀ ਦਾ ਪ੍ਰਚਾਰ ਕੀਰਤਨ, ਕਥਾ, ਦੁਆਰਾ ਕੀਤਾ ਜਾਂਦਾ ਰਿਹਾ ਅਤੇ ਗੁਰਸਿਖ ਸ਼ਰਧਾ ਨਾਲ ਗੁਰਬਾਣੀ ਦੇ ਗੁਟਕੇ, ਪੋਥੀਆਂ ਲਿਖ ਲਿਖ ਕੇ ਉਤਾਰੇ ਕਰਕੇ ਭੀ ਬਾਣੀ ਦੇ ਪ੍ਰਚਾਰ ਦੀ ਸੇਵਾ ਕਰਦੇ ਰਹੇ। ਦਸਮੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਸਤਿਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਨ ਕੀਤੀ ਅਤੇ ਖਾਲਸਾ ਪੰਥ ਨੂੰ 'ਸ਼ਬਦ' ਗੁਰੂ ਗਰੰਥ ਸਾਹਿਬ ਜੀ ਦੀ ਚਰਨੀਂ ਲਾਇਆ। ਇਹੋ ਹੀ ਕਾਰਨ ਹੈ, ਅੱਜ ਭੀ ਸਿੱਖ ਕੌਮ ਇਹ ਦੋਹਰਾ ਪੜ੍ਹਦੀ ਹੈ—"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ॥ ਸਭ ਸਿਖਨ ਕਉ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ॥" ਤਾਂ ਜੁ ਕਿਸੇ ਕਾਰਨ ਭੀ ਸਿੱਖ ਕੌਮ "ਸ਼ਬਦ ਗੁਰੂ" ਤੋਂ ਦੂਰ ਨਾ ਚਲੀ ਜਾਵੇ।

ਗੁਰਦੁਆਰਾ ਗੁਰਸਿੱਖ ਲਈ ਧਾਟਸਾਲ ਹੈ, ਜਿਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੇ ਕਥਾ ਕੀਰਤਨ ਦੇ ਨਾਲ ਸਾਧ ਸੰਗਤ ਭੀ ਪਰਾਪਤ ਹੁੰਦੀ ਹੈ। ਪਰੰਤੂ ਸਮੇਂ ਦੇ ਪ੍ਰਭਾਵ ਕਾਰਨ ਅਤੇ ਧਨ ਦੇ ਪਸਾਰ ਕਾਰਨ ਜਿਸ ਗਿਣਤੀ ਵਿਚ ਗੁਰਦੁਆਰੇ ਕਾਇਮ ਹੋਏ ਹਨ ਅਤੇ ਪਾਠ, ਅਖੰਡਪਾਠ ਹੋ ਰਹੇ ਹਨ ਉਸ ਗਿਣਤੀ ਵਿਚ ਸੰਗਤਾਂ ਦੀ ਰੋਜ਼ਾਨਾ ਹਾਜ਼ਰੀ ਸਾਰੇ ਗੁਰਦੁਆਰਿਆਂ ਵਿਚ ਨਹੀਂ ਹੋ ਰਹੀ। ਅਖੰਡਪਾਠ ਸਮੇਂ ਸ਼ਰਧਾਲੂ ਹੱਥੀਂ ਸੇਵਾ ਕਰਨੀ ਜਾਂ ਪਾਠ ਸ੍ਰਵਨ ਕਰਨਾ ਜ਼ਰੂਰੀ ਨਹੀਂ ਸਮਝਦੇ। ਸ਼ਰਧਾਲੂਆਂ ਵਲੋਂ ਗੁਰਦੁਆਰਿਆਂ ਵਿਚ ਨੀਯਤ ਰਕਮ ਦੇ ਕੇ ਪਾਠ ਲਈ ਸਮਾਂ ਰਾਖਵਾ ਕੀਤਾ ਜਾਂਦਾ ਹੈ। ਵਡੇ ਅਤੇ ਕਈ ਇਤਿਹਾਸਕ ਗੁਰਦਵਾਰਿਆਂ ਵਿਚ ਤਾਂ ਕਈ ਵੇਰ ਰਾਖਵਾ ਸਮਾਂ ਕਾਫ਼ੀ ਸਮੇਂ ਪਿਛੋਂ ਹੀ ਮਿਲਦਾ ਹੈ। ਕਈ ਥਾਈਂ ਪ੍ਰਬੰਧਕ ਇਕ ਤੋਂ ਭੀ ਵਧੀਕ ਅਖੰਡਪਾਠ ਇਕੋ ਥਾਂ ਅਰੰਭ ਕਰਦੇ ਹਨ, ਜੋ ਪੰਥਕ ਮਰਯਾਦਾ ਨਾਲ ਮੇਲ ਨਹੀਂ ਰਖਦੇ। ਇਕੋ ਸਮੇਂ ਇਕ ਅਸਥਾਨ ਤੇ ਕੇਵਲ ਇਕ ਹੀ ਪਾਠ ਜਾਂ ਕੀਰਤਨ ਹੋ ਸਕਦਾ ਹੈ। ਪਰ ਸਾਡੇ ਵਿਚ ਬ੍ਰਾਹਮਣ-ਰੀਤੀ ਦੀ ਨਕਲ ਚਲ ਪਈ ਹੈ, ਜਿਸ ਕਾਰਨ ਕਈ ਕਈ ਅਖੰਡਪਾਠ ਇਕੋ ਥਾਂ ਕੀਤੇ ਜਾਂਦੇ ਹਨ। ਕੁੰਭ ਦੇ ਉਪਰ ਨਾਰੀਅਲ, ਅੱਟਾ ਆਦਿ ਰਖਣਾ ਕਈ ਰੀਤਾਂ ਹਿੰਦੂਆਂ ਦੀ ਨਕਲ ਕਰਕੇ ਹੀ ਕੀਤੀਆਂ ਜਾ ਰਹੀਆਂ ਹਨ, ਜੋ ਮਨਮਤਿ ਹੈ। ਇਹ ਠੀਕ ਹੈ ਕਿ ਲੋੜ ਅਨੁਸਾਰ ਕੁੰਭ ਅਤੇ ਜੋਤ ਦਾ ਰੱਖਣਾ ਵੀ ਜ਼ਰੂਰੀ ਹੁੰਦਾ ਹੈ,ਪਰ ਕਿਸੇ ਗੱਲ ਨੂੰ ਲੋੜ ਤੋਂ ਬਿਨਾਂ ਹੀ ਕਰੀ ਜਾਣਾ ਅਰਥ-ਹੀਣ ਹੋ ਜਾਂਦਾ ਹੈ। ਅਖੰਡਪਾਠ ਸਮੇਂ ਕੇਵਲ ਇਕੱਲਾ ਪਾਠੀ ਹੀ ਪਾਠ ਕਰੇ, ਇਹ ਠੀਕ ਨਹੀਂ। ਇਸ ਨਾਲੋਂ ਤਾਂ ਜਪੁਜੀ ਸਾਹਿਬ ਦਾ ਪਾਠ ਕਰਨ ਵਾਸਤੇ ਜੋ ਇਕ ਸਜਣ ਪਾਠੀ ਦੇ ਪਾਸ ਰਹਿੰਦਾ ਹੈ, ਉਸ ਨਾਲ ਸੰਗਤ ਬਣੀ ਰਹਿੰਦੀ ਹੈ ਅਤੇ ਇਹ ਸੰਗਤ ਅਖੰਡਪਾਠੀ ਦੀ ਸੁਰਤਿ ਬਾਣੀ ਵਿਚ ਜੁੜੀ ਰਖਣ ਲਈ ਸਹਾਇਤਾ ਕਰਦੀ ਹੈ।

ਗੁਰੂ ਸਾਹਿਬਾਂ ਦੇ ਸਮੇਂ ਅਖੰਡ ਪਾਠ ਨਹੀਂ ਸੀ ਹੁੰਦਾ। ਇਹ ਰੀਤੀ ਬਾਅਦ ਵਿਚ ਹੀ ਅਰੰਭ ਹੋਈ। ਜੋ ਅੱਜ ਇੰਨੀ ਪ੍ਰਚਲਤ ਹੋਈ ਹੈ ਕਿ ਅਖੰਡਪਾਠੀ ਹੀ ਨਹੀਂ ਮਿਲ਼ ਰਹੇ। ਬਹੁਤ ਘਟ ਪਾਠੀ ਅਜਿਹੇ ਹਨ


www.AKJ.Org

ਜਿਨ੍ਹਾਂ ਨੇ ਬਾਕਾਇਦਾ ਸੰਥਾ ਲੈ ਕ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕੀਤਾ ਹੋਵੇ, ਨਹੀਂ ਤਾ ਬਹੁਤ ਆਪ ਹੀ ਬਣੇ ਅਖੰਡਪਾਠੀ ਨਜ਼ਰ ਆਉਂਦੇ ਹਨ। ਸਾਰੇ ਤਾਂ ਨਹੀਂ, ਪਰ ਕਈ ਥਾਈਂ ਦੇਖਣ ਵਿਚ ਆਉਂਦਾ ਹੈ ਕਿ ਅਜਿਹੇ ਪਾਠੀ ਗੁਰਬਾਣੀ ਦਾ ਪਾਠ ਨਿਰਧਾਰਤ ਰਾਗ ਅਨੁਸਾਰ ਕਰਨ ਦੀ ਬਜਾਏ ਤਰਜ਼ਾਂ ਵਿਚ ਕਰਦੇ ਹੋਏ ਆਮ ਲੋਕਾਂ ਤੋਂ ਵਾਹ ਵਾਹ ਲੈਂਦੇ ਹਨ। ਕਈ ਤਾਂ ਚੰਗੀ ਤਰਜ਼ ਕੱਢਣ ਲਈ ਕਈ ਪ੍ਰਕਾਰ ਦੇ ਨਸ਼ੇ ਵਰਤਦੇ ਹਨ ਅਤੇ ਗਰੰਥੀਆਂ ਦੀ ਬਦਨਾਮੀ ਦਾ ਕਾਰਨ ਬਣਦੇ ਹਨ।

ਬਹੁਤੇ ਅਸ਼ੁਧ ਪਾਠੀਆਂ ਦਾ ਕਾਰਨ ਮੇਰੇ ਖ਼ਿਆਲ ਅਨੁਸਾਰ ਪਦ-ਛੇਦ ਬੀੜ ਹੈ, ਜੋ ਕੀਤਾ ਤਾਂ ਭਲੇ ਲਈ ਸੀ, ਪਰ ਇਸ ਦਾ ਉਲਟਾ ਅਸਰ ਹੋਇਆ ਹੈ। ਬਿਨਾਂ ਸੰਥਾ ਲਏ, ਬਿਨਾਂ ਅਭਿਆਸ ਕੀਤੇ ਜੋ ਪਦ-ਛੇਦ ਬੀੜ ਤੋਂ ਪਾਠੀ ਪਾਠ ਕਰਦਾ ਹੈ ਉਹ ਸ਼ੁਧ ਨਹੀਂ ਕਰ ਸਕਦਾ। ਕਿਉਂਕਿ ਕੋਈ ਵੀ ਪੱਦ-ਛੇਦ ਬੀੜ ਪੂਰਨ ਰੂਪ ਵਿਚ ਲੜੀਦਾਰ ਸਰੂਪ ਤੁਲ ਸੁਧ ਨਹੀਂ ਹੋ ਸਕਦੀ। ਭਾਵੇਂ ਬਾਕੀਆਂ ਨਾਲੋਂ ਸ਼ਰੋਮਣੀ ਕਮੇਟੀ ਵਲੋਂ ਛਪੀ ਪੱਦ-ਛੇਦ ਬੀੜ ਸੁਧ ਹੈ, ਪਰੰਤੂ ਅਜੇ ਤੀਕ ਗੁਰ-ਮਤਿ-ਖੋਜੀਆਂ ਦੀ ਇਸ ਬਾਰੇ ਇਕ ਮਤ ਜਾਂ ਰਾਏ ਨਹੀਂ ਬਣੀ ਤੇ ਨਾ ਹੀ ਬਣ ਸਕਦੀ ਹੈ। ਇਸ ਲਈ ਅਖੰਡ ਪਾਠ ਲੜੀਦਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਕੀਤੇ ਜਾਣ ਤਾਂ ਇਹੋ ਜਿਹੇ ਆਪੇ ਬਣੇ ਪਾਠੀਆਂ ਤੋਂ ਬਚਾਅ ਹੋ ਸਕਦਾ ਹੈ, ਜੋ ਰਹਿਤ-ਮਰਯਾਦਾ ਦੇ ਭੀ ਧਾਰਨੀ ਨਹੀਂ ਹੁੰਦੇ।

ਪਰ ਪਿੰਡਾਂ ਵਿਚ ਗਰੰਥੀਆਂ ਦੀ ਘਾਟ ਕਾਰਨ ਹੁਣ ਸਪੀਕਰਾਂ ਉਤੇ ਰਿਕਾਰਡ ਲਾ ਦਿਤੇ ਜਾਂਦੇ ਹਨ। ਜੇਕਰ ਹਰੇਕ ਪਿੰਡ ਇਕ ਗੁਰਮੁਖ ਗਰੰਥੀ ਹੋਵੇ, ਫਿਰ ਧਾਰਮਿਕ-ਪ੍ਰਚਾਰਕਾਂ ਰਾਹੀਂ ਧਰਮ-ਪ੍ਰਚਾਰ ਕਰਨ ਦੀ ਵੀ ਬਹੁਤੀ ਲੋੜ ਨਹੀਂ। ਪਰ ਜਦੋਂ ਗੁਰਮਤਿ ਦੀ ਗੱਲ ਹੋਵੇ ਹੀ ਨਾ, ਤਾਂ ਫਿਰ ਮਹੀਨੇ ਜਾਂ ਛੇ ਮਹੀਨੇ ਪਿਛੋਂ ਕਿਸੇ ਧਰਮ-ਪ੍ਰਚਾਰਕ ਦੇ ਇਕ ਵਾਰ ਜਾਣ ਨਾਲ ਕਿੰਨਾ ਕੁ ਅਸਰ ਰਹਿ ਸਕਦਾ ਹੈ? ਜੇਕਰ ਇਹ ਸਮਝ ਲਿਆ ਜਾਵੇ ਕਿ ਅਖੰਡਪਾਠਾਂ ਜਾਂ ਧਾਰਮਕ ਸਮਾਗਮਾਂ ਵਿਚ ਰਾਗੀ, ਢਾਡੀ ਅਤੇ ਪ੍ਰਚਾਰਕ ਜਾ ਕੇ ਪ੍ਰਚਾਰ ਕਰਦੇ ਹਨ ਤਾਂ ਉਸਦਾ ਭੀ ਜੋ ਅਸਰ ਹੋ ਰਿਹਾ ਹੈ ਉਹ ਭੀ ਆਮ ਵੇਖਣ ਵਿਚ ਆਉਂਦਾ ਹੈ ਕਿ ਕੇਵਲ ਪੈਸੇ ਨੂੰ ਹੀ ਮੁੱਖ ਰਖ ਕੇ ਕੀਤਾ ਅਜਿਹਾ ਪ੍ਰਚਾਰ ਵੀ ਬਹੁਤਾ ਅਸਰ-ਦਾਇਕ ਨਹੀਂ ਹੁੰਦਾ। ਸਗੋਂ ਸਮਾਗਮਾਂ ਦੇ ਬਾਅਦ ਬੋਤਲਾਂ ਉਸੇ ਥਾਂ ਖੋਲ੍ਹੀਆਂ ਜਾਂਦੀਆਂ ਹਨ, ਜਿਥੇ ਕੁਝ ਸਮਾਂ ਪਹਿਲਾਂ ਬਾਣੀ ਪੜ੍ਹੀ ਜਾ ਰਹੀ ਸੀ, ਜਾਂ ਢਾਡੀ-ਰਾਗ ਹੋ ਰਿਹਾ ਸੀ।

ਇਹੋ ਜਿਹੇ ਦਿਖਾਵੇ ਮਾਤਰ ਅਖੰਡਪਾਠ ਕਰਨੇ ਜਾਂ ਕਰਵਾਉਣੇ ਇਕ ਸਮਾਜੀ ਰੀਤ ਬਣ ਕੇ ਧਾਰਮਿਕ ਪੱਖ ਨੂੰ ਸਗੋਂ ਕਮਜ਼ੋਰ ਕਰ ਰਹੇ ਹਨ। ਅੱਜ **ਸਭ ਤੋਂ ਅਹਿਮ ਲੋੜ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸ਼ੁਧ ਅਖੰਡ-ਪਾਠੀਆਂ ਦੀ ਹੈ, ਜੋ ਰਹਿਤ ਮਰਿਆਦਾ ਦੇ ਧਾਰਨੀ ਵੀ ਹੋਣ।** ਪਹਿਲੇ ਸਮਿਆਂ ਵਿਚ ਸੰਤਾਂ ਦੇ ਡੇਰਿਆਂ ਵਿਚੋਂ ਅਖੰਡਪਾਠੀ ਤਿਆਰ ਕੀਤੇ ਜਾਂਦੇ ਅਤੇ ਹੱਥੀਂ ਸੇਵਾ ਕਰਨ ਦੀ ਆਦਤ ਬਣਾਈ ਜਾਂਦੀ ਸੀ, ਪਰੰਤੂ ਹੁਣ ਸੰਤਾਂ ਦੇ ਡੇਰੇ ਵੀ ਇਸ ਪਾਸੇ ਤੋਂ ਹਟ ਕੇ ਹੋਰ ਹੋਰ ਪਾਸੇ ਬਹੁਤਾ ਧਿਆਨ ਦੇਣ ਲਗ ਪਏ ਹਨ। ਕੁਝ ਕੁ ਮਹਾਂ ਪੁਰਸ਼ ਜਾਂ ਡੇਰੇ ਅਜੇ ਵੀ ਪਹਿਲਾਂ ਵਾਂਗ ਤੱਤਪਰ ਹਨ, ਪਰ ਸਮੁਚੇ ਤੌਰ ਪਰ ਇਹ ਘਾਟ ਸਾਰੀ ਕੌਮ ਨੂੰ ਮਹਿਸੂਸ ਕਰਨ ਦੀ ਲੋੜ ਹੈ ਤਾਂ ਜੁ ਸ਼ਬਦ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਸਾਡੇ ਹਿਰਦੇ ਪਰਵੇਸ਼ ਕਰਕੇ ਸਾਨੂੰ ਸਹੀ ਜੀਵਨ ਪਰਦਾਨ ਕਰੇ।

ਇਸ ਸਮੱਸਿਆ ਦਾ ਇਕੋ ਇਕ ਹੱਲ ਹੈ ਕਿ ਜੀਵਨ ਵਾਲੇ, ਰਹਿਤ ਮਰਿਆਦਾ ਦੇ ਧਾਰਨੀ ਅਤੇ ਸੁਸਿਖਿਅਤ ਗ੍ਰੰਥੀ ਹੋਣੇ ਜ਼ਰੂਰੀ ਹਨ। ਹਰੇਕ ਸੰਸਥਾ, ਸ਼੍ਰੋਮਣੀ ਕਮੇਟੀ ਜਾਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਧਾਰਮਿਕ ਸੰਸਥਾਵਾਂ ਚੰਗੇ ਗਰੰਥੀ-ਸਿੰਘ ਬਣਾਉਣ ਵਲ ਉਚੇਚਾ ਧਿਆਨ ਦੇਣ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸਾਰੀਆਂ ਇਤਿਹਾਸਕ ਗੁ: ਕਮੇਟੀਆਂ ਨੂੰ ਹਦਾਇਤਾਂ ਦਿਤੀਆਂ ਜਾਣ ਕਿ ਰਹਿਤਵਾਨ, ਉਚ ਜੀਵਨ ਵਾਲੇ ਤੇ ਸੁਸਿਖਿਅਤ ਗ੍ਰੰਥੀ ਸਾਹਿਬਾਨ ਨੂੰ ਮਾਨਤਾ ਦਿਤੀ ਜਾਇਆ ਕਰੇ ਅਤੇ ਅਿਹਾ ਕਰਨ ਲਈ ਉਚੇਚੇ ਜਤਨ ਕੀਤੇ ਜਾਣੇ ਜ਼ਰੂਰੀ ਹਨ।



www.AKJ.Org

# ਨੰਗੇ ਸਿਰ ਵਾਲਾ—ਤਨਖ਼ਾਹੀਆ

[ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕਰ ਕੇ ਜੋ ਰਹਿਤ ਮਰਯਾਦਾ ਕਾਇਮ ਕੀਤੀ, ਉਸ ਵਿਚ ਸਭ ਤੋਂ ਪਹਿਲਾਂ ਕੇਸਾਂ ਦੀ ਸੰਭਾਲ ਦਾ ਹੁਕਮ ਦਿਤਾ। ਗੁਰੂ ਸਾਹਿਬ ਦੇ ਹਜ਼ੂਰੀ ਸਿੰਘਾਂ ਨੇ ਜੋ ਰਹਿਤਨਾਮੇ ਲਿਖੇ, ਤਿਆਰ ਕੀਤੇ, ਉਨ੍ਹਾਂ ਵਿਚ ਸਿੰਘ ਸਿੰਘਣੀ ਲਈ ਨੰਗੇ ਕੇਸੀਂ ਫਿਰਨ ਅਤੇ ਨੰਗੇ ਸਿਰ ਪ੍ਰਸ਼ਾਦਿ ਛਕਣ ਵਾਲੇ ਲਈ ਸਖਤ ਤਾੜਨਾ ਭਰੇ ਹੁਕਮ ਦਿਤੇ ਹਨ, ਅਤੇ ਇਹ ਹੁਕਮ ਸਿੰਘ ਅਤੇ ਸਿੰਘਣੀ ਦੋਹਾਂ ਲਈ ਇਕ-ਸਾਰ ਹਨ। ਨਗਨ ਹੋਇ ਬਾਹਰ ਫਿਰਹਿ, ਨਗਨ ਸੀਸ ਜੋ ਖਾਇ ॥
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ ॥੨੪॥

—ਤਨਖਾਂਹਨਾਮਾ ਭਾਈ ਨੰਦ ਲਾਲ ਜੀ

—ਹੋਇ ਸਿਖ ਸਿਰ ਟੋਪੀ ਧਰੈ ॥ ਸਾਤ ਜਨਮ ਕੁਸ਼ਟੀ ਹੋਇ ਮਰੈ ॥

—ਰਹਿਤਨਾਮਾ ਭਾ: ਪ੍ਰਹਿਲਾਦ ਸਿੰਘ ਜੀ

ਅੰਗਰੇਜ਼ੀ ਰਾਜ ਦੇ ਸ਼ੁਰੂ ਵਿਚ ਸਾਰੇ ਭਾਰਤ ਵਿਚ ਹੀ, ਖਾਸ ਕਰਕੇ ਪੰਜਾਬ ਵਿਚ ਹਿੰਦੂ ਮੁਸਲਮਾਨ ਪੱਗਾਂ ਬੰਨ੍ਹਦੇ ਸਨ; ਕੇਵਲ ਘਰ ਵਿਚ ਮ੍ਰਿਤੂ ਹੋਣ ਜਾਂ ਸਸਕਾਰ, ਦਫਨਾਉਣ ਸਮੇਂ ਨੰਗੇ ਸਿਰ ਜਾਂਦੇ ਸਨ, ਨੰਗੇ ਸਿਰ ਰਹਿਣਾ ਪ੍ਰਵਾਰ ਵਿਚ ਮਾਤਮ ਹੋ ਜਾਣ ਦੀ ਨਿਸ਼ਾਨੀ ਸੀ। ਖਾਸ ਕਰ ਕੇ ਹਿੰਦੂ ਇਸਤ੍ਰੀ ਤਾਂ ਨੰਗੇ ਸਿਰ ਉਸ ਵੇਲੇ ਮੰਨੀ ਜਾਂਦੀ ਸੀ, ਜਦ ਉਸਦੇ ਪਤੀ ਦੀ ਮ੍ਰਿਤੂ ਹੋ ਜਾਂਦੀ ਸੀ। ਇਸ ਪੁਰਾਤਨ ਰਿਵਾਜ਼ ਦਾ ਜ਼ਿਕਰ ਇਕ ਵਾਰਤਾ ਰਾਹੀਂ ਭਾਈ ਸਾਹਿਬ ਗੁਰਦਾਸ ਜੀ ਨੇ ਵਾਰ ਨੰਬਰ ੩੨ ਦੀ ੧੯ਵੀਂ ਪਉੜੀ ਵਿਚ ਕੀਤਾ ਹੈ ਕਿ—

ਇਕ ਬਜ਼ੁਰਗ ਖੂਹ ਦੇ ਠੰਢੇ ਪਾਣੀ ਨਾਲ ਨਹਾ ਕੇ ਪੱਗ ਉਥੇ ਹੀ ਭੁਲ ਆਇਆ। ਦੂਰੋਂ ਸਹੁਰੇ ਨੂੰ ਨੰਗੇ ਸਿਰ ਆਉਂਦਿਆਂ ਵੇਖ ਕੇ, ਘਰ ਵਿਚ ਨੂੰਹ ਨੇ ਮੱਥੇ ਤੇ ਹੱਥ ਮਾਰਿਆ ਤੇ ਪਿਟਣਾ ਸ਼ੁਰੂ ਕਰ ਦਿਤਾ ਕਿ ਕੋਈ ਮਰ ਗਿਆ ਹੈ। ਆਂਢ ਗੁਆਂਢ ਦੀਆਂ ਇਸਤ੍ਰੀਆਂ ਵੀ ਇਸ ਰੋਣ-ਪਿਟਣ ਵਿਚ ਆ ਸ਼ਾਮਲ ਹੋਈਆਂ। ਬਜ਼ੁਰਗ ਵੀ ਸਿਆਪਾ ਪਿਆ ਵੇਖ ਕੇ ਬਾਹਰ ਮਰਦਾਂ ਵਿਚ ਬੈਠ ਗਿਆ। ਪੁਰਾਤਨ ਰਿਵਾਜ ਅਨੁਸਾਰ ਨਾਇਣਾਂ ਆ ਕੇ ਤੀਵੀਆਂ ਵਿਚ ਖਲੋ ਕੇ ਅਲਾਹਣੀਆਂ ਪਾਉਂਦੀਆਂ ਸਨ। ਨਾਇਣ ਨੇ ਜਦ ਉਨ੍ਹਾਂ ਨੂੰ ਪੁਛਿਆ ਕਿ ਕਿਸ ਦੇ ਨਾਂ ਦੀ ਅਲਾਹਣੀ ਪਾਵਾਂ ਤਾਂ ਨੂੰਹ ਨੇ ਕਿਹਾ ਕਿ ਬਾਹਰ ਬੈਠੇ ਮੇਰੇ ਸਹੁਰੇ ਨੂੰ ਪੁਛੋ ਤਾਂ ਪਤਾ ਲਗਾ ਕਿ ਗ਼ਲਤੀ ਨਾਲ ਖੂਹ ਤੇ ਪੱਗ ਵਿਸਾਰ ਆਉਣ ਦੇ ਕਾਰਨ, ਬਗ਼ੈਰ ਪੁਛੇ ਦੇ ਹੀ ਨੂੰਹ ਨੇ ਰੋਣਾ ਪਿਟਣਾ ਸ਼ੁਰੂ ਕਰ ਦਿਤਾ, ਜਿਸ ਕਰਕੇ ਸਾਰਾ ਆਲਾ ਦੁਆਲਾ ਇਕੱਠਾ ਕਰ ਲਿਆ ਹੈ।

ਭਾਰਤ ਵਿਚ ਜਿਵੇਂ ਜਿਵੇਂ ਅੰਗਰੇਜ਼ੀ ਸਭਯਤਾ ਤੇ ਵਿਦਿਆ ਦਾ ਪਸਾਰ ਵਧੇਰੇ ਹੋਇਆ ਤੇ ਖ਼ਾਸ ਕਰਕੇ ਪੰਜਾਬ ਦੀ ਵੰਡ ਤੋਂ ਪਿਛੋਂ ਤਾਂ ਹਿੰਦੂ ਜਾਤੀ ਵਿਚ ਚੰਗੇ ਭਲੇ ਇਸਤ੍ਰੀ ਪੁਰਸ਼ ਵੀ, ਜੋ ਬਿਰਧ ਅਵਸਥਾ ਦੇ ਹਨ, ਜਿਨ੍ਹਾਂ ਨੇ ਪੁਰਾਤਨ ਰਿਵਾਜ ਵੇਖਿਆ ਹੋਇਆ ਹੈ, ਉਹ ਭੀ ਅੱਜ ਗਲ੍ਹੀਆਂ ਬਜ਼ਾਰਾਂ, ਘਰਾਂ, ਧਰਮ-ਅਸਥਾਨਾਂ ਵਿਚ ਨੰਗੇ ਸਿਰ ਫਿਰਦੇ ਵੇਖੇ ਜਾਂਦੇ ਹਨ।

ਹਿੰਦੂ ਕੌਮ ਵਿਚ ਹੁਣ ਵੀ ਖ਼ੁਸ਼ੀ ਦੇ ਸਮੇਂ ਵਿਆਹ, ਘੋੜੀ ਚੜ੍ਹਨ, ਲਾਵਾਂ ਵੇਲੇ ਜੋ ਧਾਰਮਕ ਰਸਮਾਂ ਸਮੇਂ ਵੇਦ ਮੰਤਰ, ਪ੍ਰੋਹਤ ਪੰਡਤ ਪੜ੍ਹਦੇ ਹਨ ਤਾਂ ਸੰਬੰਧਤ ਪੁਰਸ਼ ਨੂੰ ਕਹਿੰਦੇ ਹਨ ਕਿ ਸਿਰ ਤੇ ਕਪੜਾ ਲਵੋ, ਨੰਗੇ ਸਿਰ ਨਹੀਂ ਪੜ੍ਹਦੇ। ਇਸਦਾ ਭਾਵ ਸਪਸ਼ਟ ਹੈ ਕਿ ਹਿੰਦੂ ਮਰਯਾਦਾ ਵਿਚ ਵੀ ਨੰਗੇ ਸਿਰ ਰਹਿਣਾ ਵਿਵਰਜਤ, ਅਪਸ਼ਗਨ ਹੈ।

ਗਵਾਂਢੀ ਹਿੰਦੂ ਕੌਮ ਨਾਲ ਸਾਡੇ ਕਈ ਭਾਈਚਾਰਕ ਸਬੰਧ ਸਾਂਝੇ ਹਨ। ਹਿੰਦੂਆਂ ਦੇ ਪ੍ਰਭਾਵ ਹੇਠਾਂ ਅੱਜ ਸਿੱਖ ਮਰਦ ਇਸਤ੍ਰੀਆਂ ਤੇ ਖਾਸ ਕਰਕੇ ਨੌਜਵਾਨ ਵਰਗ ਨੰਗੇ ਸਿਰ ਤੁਰਦੇ ਫਿਰਦੇ ਵੇਖੀਦੇ ਹਨ। ਏਥੋਂ ਤਕ



www.AKJ.Org

ਕਿ ਪ੍ਰਸ਼ਾਦਿ ਛਕਣ ਸਮੇਂ ਤਾਂ ਚੰਗੇ ਭਲੇ ਗੁਰਸਿਖਾਂ ਦੇ ਘਰਾਂ ਵਿਚ ਵੀ ਨੰਗ ਸਿਰ ਪ੍ਰਸ਼ਾਦਿ ਛਕਣ ਦਾ ਰਿਵਾਜ ਹੈ । ਬਹੁਤਾ ਨੌਜਵਾਨ ਵਰਗ, ਜੋ ਫਿਫਟੀਆਂ ਸਜਾ ਕੇ ਦਸਤਾਰਾਂ ਬੰਨ੍ਹਦੇ ਹਨ, ਮਾਇਆ ਲਗੇ ਹੋਣ ਕਰਕੇ, ਜਦੋਂ ਦਫਤ੍ਰ, ਕਾਲਜ ਸਕੂਲ ਜਾਂ ਹੋਰ ਕੰਮਾਂ ਕਾਰਾਂ ਵਿਹਾਰਾਂ ਤੋਂ ਫ਼ਾਰਗ ਹੋ ਕੇ ਘਰ ਆਉਂਦੇ ਹਨ ਤਾਂ ਦਸਤਾਰ ਟੋਪੀ ਵਾਂਗੂ ਉਤਾਰ ਕੇ ਰਖ ਦੇਂਦੇ ਹਨ, ਫਿਰ ਜਿਸ ਵੇਲੇ ਦਫਤਰ ਜਾਂ ਕੰਮ ਕਾਰ ਵਿਹਾਰ ਸਮੇਂ ਜਾਂਦੇ ਹਨ ਤਾਂ ਟੋਪੀ ਵਾਂਗੂ ਬਧੀ ਦਸਤਾਰ ਸਿਰ ਤੇ ਰਖ ਕੇ ਤੁਰ ਪੈਂਦੇ ਹਨ । ਕਈ ਸਜਨ ਤਾਂ ਸਰੀਰਕ ਸੋਚ ਕ੍ਰਿਆ (ਟਟੀ ਪਿਸ਼ਾਬ) ਲਈ ਵੀ ਨੰਗੇ ਸਿਰ ਜਾਂਦੇ ਵੇਖੀਦੇ ਹਾਂ । ਐਤਵਾਰ ਜਾਂ ਛੁਟੀ ਵਾਲੇ ਦਿਨ ਤਾਂ ਸਾਰਾ ਦਿਨ, ਸਬਜ਼ੀ ਜਾਂ ਹੋਰ ਜ਼ਰੂਰੀ ਵਸਤਾਂ ਲੈਣ ਲਈ ਬਜ਼ਾਰ ਜਾਂਦੇ ਸਿਖ ਨੌਜਵਾਨ ਸਾਈਕਲਾਂ ਸਕੂਟਰਾਂ ਤੇ, ਅਤੇ ਪੈਦਲ, ਕੇਸੀ ਇਸ਼ਨਾਨ ਕਰ ਕੇ (ਖੁਲ੍ਹੇ ਕੇਸ) ਸਿਰ ਨੰਗੇ ਵੇਖੇ ਜਾਂਦੇ ਹਨ ।

ਖ਼ਾਲਸਾ ਸਕੂਲ ਕਾਲਜ ਅਤੇ ਕੰਨਿਆ ਪਾਠਸ਼ਾਲਾਂ, ਜੋ ਸਿੰਘ ਸਭਾਵਾਂ ਨੇ ਸਿਖ ਧਰਮ ਦੇ ਪ੍ਰਚਾਰ ਲਈ ਅਰੰਭ ਕੀਤੀਆਂ ਸਨ, ਅਜ ਉਹਨਾਂ ਆਸ਼ਰਮਾਂ ਵਿਚ ਨਵੀਨ ਢੰਗ ਨਾਲ ਵਿਦਿਆ ਦਿਤੀ ਜਾ ਰਹੀ ਹੈ । ਸਿਖ ਬੱਚੇ, ਖ਼ਾਸ ਕਰਕੇ ਬੱਚੀਆਂ ਤਾਂ ਨੰਗੇ ਸਿਰ ਚੁੰਨੀਆਂ ਗਲਾਂ ਵਿਚ ਲਟਕਾਈ ਵੇਖਦੇ ਹਾਂ । ਬੱਚਿਆਂ ਦੇ ਸਿਰਾਂ ਤੇ ਪਹਿਲੇ ਜੂੜੇ ਤੇ ਰੁਮਾਲ ਬੰਨ੍ਹਣ ਦਾ, ਹੁਣ ਪਟਕੇ ਸਜਾਣ ਦਾ ਰਿਵਾਜ ਪ੍ਰਚਲਤ ਕੀਤਾ ਗਿਆ ਹੈ । ਇਹ ਬਚਪਨ ਸਮੇਂ ਲਈ ਤਾਂ ਚੰਗਾ ਹੈ, ਪਰ ਇਸੇ ਰਿਵਾਜ ਦੇ ਅਧੀਨ ਕਈ ਸਿੱਖ ਬੱਚੇ, ਜਿਨ੍ਹਾਂ ਦੇ ਮੂੰਹ ਤੇ ਮਸ ਫੁਟ ਪੈਂਦੀ ਹੈ ਅਤੇ ਦਾੜ੍ਹੀਆਂ ਆ ਜਾਣ ਤੇ ਵੀ ਜੂੜੇ ਤੇ ਰੁਮਾਲ, ਪਟਕਾ ਬੰਨ੍ਹੀ ਰਖਦੇ ਹਨ । ਇਸੇ ਤਰ੍ਹਾਂ ਕਦੇ ਕਦਾਈਂ ਧਰਮ-ਅਸਥਾਨਾਂ ਵਿਚ ਜਾ ਪੁਜਦੇ ਹਨ । ਇਸੇ ਰੂਪ ਵਿਚ ਕਈ ਬੱਚੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਆਉਂਦੇ ਵੇਖੇ ਜਾਂਦੇ ਹਨ ।

ਇਸ ਸਮੇਂ ਗੁਰਬਾਣੀ ਦਾ ਪ੍ਰਚਾਰ ਰੇਡੀਓ, ਟੈਲੀਵੀਜ਼ਨ, ਕੀਰਤਨ-ਦਰਬਾਰਾਂ ਰਾਹੀਂ ਬਹੁਤ ਹੋ ਰਿਹਾ ਹੈ । ਖ਼ਾਸ ਕਰਕੇ ਹਰ ਐਤਵਾਰ ਸ੍ਰੀ ਸੁਖਮਨੀ ਸਾਹਿਬ ਸੁਸਾਇਟੀਆਂ ਵਲੋਂ, (ਸੁਖਮਨੀ ਸਾਹਿਬ ਦੇ) ਪਾਠਾਂ ਦਾ ਪ੍ਰਵਾਹ ਹਰ ਸ਼ਹਿਰ, ਨਗਰ ਤੇ ਕਈ ਪਿੰਡਾਂ ਵਿਚ ਵੀ ਚਲ ਰਿਹਾ ਹੈ । ਉਸ ਦੇ ਬਹੁਤੇ ਮੁਖੀ ਪ੍ਰਬੰਧਕ ਮੈਂਬਰ, ਸਿਖ ਨੌਜਵਾਨ ਹੀ ਹਨ । ਉਹ ਬੜੇ ਸ਼ਹਾਨਾ ਠਾਠ ਨਾਲ ਦੀਵਾਨ ਸਜਾਂਦੇ ਹਨ । ਪਰ ਸਿਖ ਰਹਿਤ ਮਰਯਾਦਾ ਦੀ ਅਹਿਮੀਅਤ ਨੂੰ ਨਾ ਸਮਝਦੇ ਹੋਏ ਉਹ ਇਸ ਵਲੋਂ ਲਾਪਰਵਾਹ ਹਨ । ਅਤੇ ਸਿਖ ਰਹਿਤ ਮਰਯਾਦਾ ਵਿਚ ਬੜੀ ਢਿਲ ਵਰਤਾ ਰਹੇ ਹਨ ।

ਜਦੋਂ ਕਿਸੇ ਨੌਜਵਾਨ ਜੋੜੇ ਨੂੰ ਗਲੀਆਂ ਬਜ਼ਾਰਾਂ ਵਿਚ ਸੈਰ ਜਾਂ ਸਿਨਮਾ ਜਾਣ ਸਮੇਂ ਵੇਖਦੇ ਹਾਂ ਤਾਂ ਸਿਖ ਨੌਜਵਾਨ ਤਾਂ ਚੰਗੇ ਬਸਤਰ ਸਜਾਈ ਦਾੜ੍ਹੀ ਬੰਨ੍ਹ ਕੇ ਫਿਫਟੀ ਲਾ ਕੇ ਦਸਤਾਰ ਸਜਾ ਕੇ ਨਿਕਲਦਾ ਹੈ ਪਰ ਉਸ ਦੇ ਨਾਲ ਤੁਰਦੀ ਉਸ ਦੀ ਪਤਨੀ ਨੰਗੇ ਸਿਰ ਹੁੰਦੀ ਹੈ । ਕਈਆਂ ਦੇ ਕੇਸ ਕਟੇ ਤੇ ਭਰਵਟੇ ਮੁੰਨੇ ਹਏ ਵੀ ਵੇਖੇ ਜਾਂਦੇ ਹਨ । ਜਦ ਕਦੀ ਭੁਲੇ ਭਟਕੇ ਗੁਰਪੁਰਬਾਂ ਜਾਂ ਹੋਰ ਸਮਾਗਮਾਂ ਸਮੇ, ਸਿਖ ਬੀਬੀਆਂ ਗੁਰਦੁਆਰੇ ਆਉਂਦੀਆਂ ਹਨ ਤਾਂ ਧਰਮ ਅਸਥਾਨ ਦੀ ਹਦੂਦ ਵਿਚ ਦਾਖ਼ਲ ਹੋਣ ਸਮੇ ਸਿਰ ਤੇ ਚੁਨੀ ਦੁਪੱਟਾ, ਸਾੜ੍ਹੀ ਦਾ ਪਲਾ ਲੈ ਲੈਂਦੀਆਂ ਹਨ । ਉਹਨਾਂ ਨੂੰ ਇਹ ਤਾਂ ਪਤਾ ਹੈ ਕਿ ਸਿਖ ਮਰਯਾਦਾ ਵਿਚ ਨੰਗੇ ਸਿਰ ਰਹਿਣਾ ਵਿਵਰਜਾਤ ਹੈ । ਜੇ ਨੰਗੇ ਸਿਰ ਗੁਰਦੁਆਰੇ ਜਾਣਾ ਯੋਗ ਨਹੀਂ ਤਾਂ ਘਰ ਤੋਂ ਬਾਹਰ ਨੰਗੇ ਸਿਰ ਜਾਣਾ ਕਿਵੇਂ ਚੰਗਾ ਹੈ ?

ਅਜ ਹੋਰ ਧਰਮ-ਅਸਥਾਨਾਂ ਦੀ ਗੱਲ ਤਾਂ ਕੀ ਕਰਨੀ ਹੈ, ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿਚ ਵੀ ਕੋਈ ਪੁਛਦਾ ਨਹੀਂ । ਇਸ ਪਾਸੇ ਸਾਡੇ ਸਿਖ ਆਗੂ ਧਿਆਨ ਦੇਂਦੇ ਹੀ ਨਹੀਂ, ਸਗੋਂ ਉਹ ਤਾਂ ਆਪਣੀਆਂ ਬੱਚੀਆਂ ਅਤੇ ਪਤਨੀਆਂ ਨੂੰ ਇਸ ਮਨਮਤ ਦਾ ਸ਼ਿਕਾਰ ਹੁੰਦੇ ਵੇਖ ਕੇ ਮੋਨ ਧਾਰੀ ਬੈਠੇ ਹਨ ।

ਕੀ ਕੌਮ ਇਸ ਮਨਮੱਤ ਤੋਂ ਬਚਣ ਦਾ ਕੋਈ ਉਪਰਾਲਾ ਕਰੇਗੀ ? ਕੀ ਕੇਸਾਂ ਦੇ ਸਤਿਕਾਰ ਲਈ ਤੇ ਉਨ੍ਹਾਂ ਦੀ ਸੰਭਾਲ ਲਈ ਦਸਤਾਰ ਅਥਵਾ ਕੇਸਕੀ ਨੂੰ ਹਰ ਵਕਤ ਧਾਰਨ ਕੀਤੇ ਰਖਣ ਦਾ ਪ੍ਰਣ ਕਰੇਗੀ ?



www.AKJ.Org

# ਸਹਿਜ ਯੋਗ ਕੀ ਹੈ ?

[ਡਾ: ਗੋਬਿੰਦ ਸਿੰਘ ਮਨਸੁਖਾਨੀ, ਐਮ.ਏ., ਐਲ.ਐਲ.ਬੀ., ਪੀ.ਐਚ.ਡੀ., ਡੀ.ਆਰ.ਐਲ. (ਲੰਡਨ)]

"ਯੋਗ" ਦਾ ਅਰਥ ਹੈ ਜੁੜਨਾ। ਰੱਬ ਨਾਲ ਜੁੜਨ ਦੇ ਅਰਥਾਂ ਵਿਚ 'ਯੋਗ' ਪ੍ਰਭੂ ਵਿਚ ਅਭੇਦ ਹੋਣ ਦਾ ਸਾਧਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸੇ ਹੋਏ ਸਾਧਨ ਨੂੰ 'ਨਾਮ ਯੋਗ' ਜਾਂ 'ਸਹਿਜ ਯੋਗ' ਕਹਿੰਦੇ ਹਨ। 'ਸਹਿਜ' ਦਾ ਅਰਥ ਹੈ ਹੌਲੇ ਹੌਲੇ ਕੀਤੇ ਜਾਣ ਵਾਲਾ ਅਮਲ। ਜਿਵੇਂ ਮੱਠੀ ਮੱਠੀ ਅੱਗ ਉਤੇ ਪਕਾਈਆਂ ਗਈਆਂ ਸਬਜ਼ੀਆਂ ਦੀ ਸੁਗੰਧੀ ਤੇ ਸੁਆਦ ਕਾਇਮ ਰਹਿੰਦੇ ਹਨ, ਇਸੇ ਤਰ੍ਹਾਂ ਜੀਵ ਦੇ ਵਿਚ ਮਨ ਤੇ ਸਰੀਰ ਨੂੰ ਸਹਿਜ ਸੰਜਮ ਵਿਚ ਰਖਣ ਨਾਲ, ਅਤੀ ਜ਼ਰੂਰੀ ਤੱਤ, ਚੰਗਿਆਈ ਦੇ ਰੂਪ ਵਿਚ ਉਘੜ ਕੇ ਸਾਹਮਣੇ ਆ ਜਾਂਦਾ ਹੈ। ਰਾਜ-ਯੋਗ ਤੇ ਹਠ ਯੋਗ ਨਾਲੋਂ, ਸਹਿਜ ਯੋਗ ਮੂਲ ਰੂਪ ਵਿਚ ਹੀ ਵਖਰਾ ਹੈ।

'ਸਹਿਜ ਯੋਗ', ਜੋ ਕਿ ਸਿਖ ਧਰਮ ਦੀ ਵਿਸ਼ੇਸ਼ਤਾਈ ਹੈ, ਤਿੰਨਾਂ ਹੀ ਰਵਾਇਤੀ ਯੋਗਾਂ—ਕਰਮ ਯੋਗ, ਗਿਆਨ ਯੋਗ ਤੇ ਭਗਤੀ ਯੋਗ ਨਾਲੋਂ ਉਤਮ ਹੈ। ਇਸ ਵਿਚ ਇਹ ਤਿੰਨੋਂ ਹੀ ਮਿਲ ਕੇ ਇਕ ਆਦਰਸ਼ਕ ਯੋਗ ਬਣ ਜਾਂਦੇ ਹਨ। ਨੇਕ ਤੇ ਸੱਚੇ ਸੁੱਚੇ ਕਰਮ, ਨਾਮ-ਸਿਮਰਨ ਨਾਲ ਮਿਲ ਕੇ ਹਉਮੈ ਨੂੰ ਮਾਰਦੇ ਹਨ ਤੇ ਪ੍ਰਭੂ-ਪ੍ਰਾਪਤੀ ਦਾ ਰਾਹ ਵਿਖਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਚੌਥਾ ਪਦ ਕਿਹਾ ਗਿਆ ਹੈ। ਜਿਸ ਦਾ ਅਰਥ ਹੈ ਕਿ ਇਹ ਪਦ ਰਜੋ, ਤਮੋ ਤੇ ਸਤੋ ਤਿੰਨਾਂ ਹੀ ਗੁਣਾਂ ਅਤੇ ਤਿੰਨਾਂ ਹੀ ਅਵਸਥਾਂ—'ਜਾਗ੍ਰਤ', 'ਸੁਪਨ' ਤੇ 'ਸਖੋਪਤ' (ਸੁਪਨ ਰਹਿਤ ਗੂੜ੍ਹੀ ਨੀਂਦ)—ਤੋਂ ਉਪਰ ਹੈ। ਇਹ ਮਨ ਦੇ ਟਿਕਾਉ ਦੀ ਅਵਸਥਾ ਹੈ, ਜਿਸ ਨੂੰ 'ਤੁਰੀਆ' ਕਹਿੰਦੇ ਹਨ।

ਅਸਾਂ ਆਤਮਕ ਰੋਗਾਂ ਦਾ ਇਲਾਜ ਇਸ ਜੀਵਨ ਵਿਚ ਹੀ ਕਰਨਾ ਹੈ, ਨਹੀਂ ਤਾਂ ਇਹ ਅਗਲੇ ਜਨਮ ਵਿਚ ਵੀ ਨਾਲ ਹੀ ਜਾਣਗੇ। ਸ੍ਵੈ-ਸੰਜਮ ਵਾਲਾ ਗੁਰੂ-ਅਰਪਤ-ਜੀਵਨ ਜ਼ਰੂਰੀ ਹੈ। ਗੁਰੂ ਸਾਹਿਬਾਂ ਦਾ ਉਪਦੇਸ਼ ਹੈ ਕਿ ਜਿਸ ਨੇ ਪੰਜਾਂ ਵਿਕਾਰਾਂ ਤੇ ਕਾਬੂ ਪਾ ਲਿਆ ਹੈ ਤੇ ਮਨ ਨੂੰ ਅਡੋਲ ਰਖਣ ਵਿਚ ਸਫ਼ਲ ਹੈ, ਸਮਝੋ ਉਸ ਨੇ ਯੋਗ ਦਾ ਸਹੀ ਮਾਰਗ ਪ੍ਰਾਪਤ ਕਰ ਲਿਆ ਹੈ। ਗੁਰ ਫ਼ੁਰਮਾਨ ਹੈ—

ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥

ਬਸੰਤੁ ਮ: ੧, ਪੰਨਾ ੧੧੮੯

ਸਹਿਜ ਯੋਗ ਮਾਇਆ ਵਿਚ ਨਿਰਲੇਪ ਰਹਿਣ ਦਾ ਰਸਤਾ ਹੈ। ਜਿਵੇਂ ਕੰਵਲ-ਫੁਲ ਪਾਣੀ ਵਿਚ ਹੁੰਦਿਆਂ ਹੋਇਆਂ ਵੀ ਪਾਣੀ ਤੋਂ ਅਭਿਜ ਰਹਿੰਦਾ ਹੈ, ਇਵੇਂ ਹੀ ਇਕ ਸੱਚਾ ਸੇਵਕ ਮਾਇਆ ਜਾਂ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਹਿੰਦਾ ਹੈ। ਸਹਿਜ ਵਿਚ ਸੰਤੋਖ ਹੈ ਤੇ ਤ੍ਰਿਸ਼ਨਾ ਤੋਂ ਛੁਟਕਾਰਾ ਹੈ। ਮਨੁੱਖ ਮੂਲ ਕਰਕੇ ਜੋਤਿ-ਸਰੂਪ ਹੈ; ਅਤੇ ਜਿਉਂ ਹੀ ਉਸ ਨੂੰ ਇਸ ਦੀ ਸੋਝੀ ਹੁੰਦੀ ਹੈ ਉਹ ਸਰਬ-ਵਿਆਪਕ ਕਰਤਾ ਪੁਰਖ ਵਿਚ ਅਭੇਦ ਹੋਣਾ ਲੋਚਦਾ ਹੈ। ਸਤਿਗੁਰੂ ਦੀ ਅਗਵਾਈ ਤੇ ਪ੍ਰਭੂ ਦੀ ਕਿਰਪਾ ਨਾਲ ਹਉਮੈ ਦੀ ਕੰਧ ਢਹਿ ਜਾਂਦੀ ਹੈ।

ਮਨੁੱਖ ਦਾ ਪ੍ਰਭੂ ਨਾਲ ਮਿਲਾਪ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਧਨ ਤੇ ਫਿਰ ਇਕ ਦੂਜੇ ਵਿਚ ਅਭੇਦ ਹੋ ਜਾਣ। ਜਾਂ ਫਿਰ ਇੰਜ ਸਮਝੋ ਕਿ ਜਿਵੇਂ ਦੋ ਨਦੀਆਂ ਦਾ ਮਿਲਾਪ ਭਾਵ ਸੰਗਮ ਹੁੰਦਾ ਹੈ। ਸੰਸਾਰਕ ਪਦਾਰਥਾਂ ਵਿਚ ਵਿਚਰਦੇ ਹੋਇਆਂ ਅਤੇ ਨਿਤ ਦੇ ਫ਼ਰਜ਼ ਨਿਭਾਉਂਦੇ ਹੋਇਆਂ ਵੀ ਪ੍ਰਭੂ ਨਾਲ ਇਹ ਮਿਲਾਪ ਸੰਭਵ ਹੋ ਸਕਦਾ ਹੈ।

ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ ॥੨੯॥

"ਗੁਰਸਿਖੀ ਕੀ ਹੈ" ਪੁਸਤਕ ਵਿਚੋਂ] [ਰਾਮਕਲੀ ਮ: ੩ ਅਨੰਦੁ ਪੰਨਾ ੯੨੧



www.AKJ.Org

# ਪੰਥਕ ਸਮਾਚਾਰ

## *ਹਰਿਮੰਦਰ ਸਾਹਿਬ ਦੀ ਪਵਿਤ੍ਰਤਾ ਲਈ ਮੁਸਲਮਾਨ ਵੀ ਜਾਨ ਦੀ ਬਾਜ਼ੀ ਲਾ ਦੇਣਗੇ—*

ਅੰਮ੍ਰਿਤਸਰ, ੪ ਮਈ—ਸ੍ਰੀ ਨੁਸਰਤ ਅਲੀ ਖਾਂ, ਪ੍ਰਧਾਨ ਮਿਊਂਸਪਲ ਕਮੇਟੀ ਮਲੇਰਕੋਟਲਾ ਨੇ ਪ੍ਰੈਸ ਦੇ ਨਾਂ ਇਕ ਬਿਆਨ ਰਾਹੀਂ ਕੇਂਦਰ ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ ਵਿਚ ਪੁਲੀਸ ਦਾਖਲੇ ਦੇ ਸਬੰਧ ਵਿਚ ਬਣਾਈ ਜਾ ਰਹੀ ਸਾਜ਼ਿਸ਼ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ, ਜਿਸ ਦਾ ਨੀਂਹ-ਪੱਥਰ ਹਜ਼ਰਤ ਮੀਆਂ ਮੀਰ ਨੇ ਰੱਖਿਆ ਸੀ, ਸੰਸਾਰ ਦੇ ਸਾਰੇ ਲੋਕਾਂ ਲਈ ਪਾਵਨ ਤੇ ਪਵਿਤਰ ਅਸਥਾਨ ਹੈ। ਉਨ੍ਹਾਂ ਕਿਹਾ ਕਿ ਮਲੇਰਕੋਟਲਾ ਦੇ ਮੁਸਲਮਾਨ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਦੀ ਬਾਜ਼ੀ ਲਾ ਦੇਣਗੇ। ਸ੍ਰੀ ਨੁਸਰਤ ਅਲੀ ਖਾਂ ਨੇ ਕਿਹਾ ਕਿ ਮਲੇਰਕੋਟਲਾ ਦੇ ਮੁਸਲਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਇਕ ਸੁਨੇਹੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਸਾਹਿਬ ਪੁੱਜਣ ਲਈ ਤਿਆਰ-ਬਰ-ਤਿਆਰ ਹਨ। —ਅਜੀਤ, ੫-੫-੮੩

## *ਪਟਿਆਲੇ ਹੋਈ ਫੜੋ ਫੜੀ ਚਿ ਵੀ ਸਿਖਾਂ ਨਾਲ ਭਾਰੀ ਵਿਤਕਰਾ—*

ਪਟਿਆਲਾ, ੧੧ ਮਈ—ਅਕਾਲੀ ਹਲਕਿਆਂ 'ਚ ਇਸ ਗੱਲ ਤੇ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਇਥੇ ਦੀ ਪੁਲਸ ਨੇ ਉਹਨਾਂ ਅਕਾਲੀ ਲੀਡਰਾਂ ਨੂੰ, ਜਿਹਨਾਂ ਦਾ ੨ ਮਈ ਦੀ ਘਟਨਾ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ, ਜ: ਸਰਦਾਰਾ ਸਿੰਘ ਕੋਹਲੀ, ਸ: ਜਸਦੇਵ ਸਿੰਘ ਸੰਧੂ, ਗਿ:ਸਿੰਗਾਰਾ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਬੇਦੀ ਅੰਤਰਪਾਲ ਸਿੰਘ, ਸ: ਹਰਬੰਸ ਸਿੰਘ ਕੋਹਲੀ, ਸ: ਸਰੂਪ ਸਿੰਘ ਸਹਿਗਲ (ਤਿੰਨੇ ਐਮ. ਸੀ.), ਜ: ਮਨਮੋਹਨ ਸਿੰਘ ਬਜ਼ਾਜ਼ ਅਤੇ ਅਕਾਲੀ ਜਥੇ ਦੇ ਸੀਨੀਅਰ ਮੀਤ ਪ੍ਰਧਾਨ ਸ: ਮਹਿਤਾਬ ਸਿੰਘ ਸੇਠੀ ਨੂੰ ਤਾਂ ਗ੍ਰਿਫਤਾਰ ਕਰ ਲਿਆ ਅਤੇ ਨੌਜਵਾਨ ਖਾਲਸਾ ਦਲ ਦੇ ਜਿਹੜੇ ਮੁਖੀ ਨਾ ਫੜੇ ਜਾ ਸਕੇ, ਉਹਨਾਂ ਦੇ ਰਿਸ਼ਤੇ-ਦਾਰਾਂ ਨੂੰ ਫੜ ਲਿਆ; ਪਰ ਸਾਰੇ ਫ਼ਸਾਦ ਦੀ ਜੜ੍ਹ ਹਿੰਦੂ ਰਖਿਆ ਸੰਮਤੀ ਦੇ ਲੀਡਰਾਂ ਸ੍ਰੀ ਪਵਨ ਕੁਮਾਰ, ਦੀਪ ਚੰਦ ਗੁਪਤਾ ਅਤੇ ਕੈਲਾਸ਼ ਟੰਡਨ ਵਰਗਿਆਂ ਨੂੰ ਜਿਨ੍ਹਾਂ ਦੇ ਸਿਰ ਸਾਰਾ ਕੁਝ ਕਰਾਏ ਜਾਣ ਦੇ ਕਥਿਤ ਦੋਸ਼ ਹਨ, ਕਿਉਂ ਹੱਥ ਨਹੀਂ ਪਾਇਆ ਗਿਆ। ਹਾਲਾਂ ਕਿ ਅਧਿਕਾਰੀਆਂ ਨੂੰ ਪਤਾ ਹੈ ਕਿ ਉਹ ਕਿਹੜੇ ਸਰਕਾਰੀ ਅਧਿਕਾਰੀ ਜਾਂ ਐਮ.ਐਲ.ਏ.ਦੀ ਪਨਾਹ ਵਿਚ ਹਨ। ਫਿਰ ਇਸ ਗੱਲ ਤੇ ਵੀ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਇਕ ਫ਼ਿਰਕੇ ਦੇ ਬੰਦਿਆਂ ਨਾਲੋਂ ਦੂਜੇ ਫ਼ਿਰਕੇ ਦੇ ਲੋਕ ਦੁਗਣੀ ਗਿਣਤੀ ਵਿਚ ਕਿਉਂ ਗ੍ਰਿਫ਼ਤਾਰ ਕੀਤੇ ਗਏ, ਜਦੋਂ ਕਿ ਗੁਰਬਾਣੀ ਦੇ ਸ਼ਬਦਾਂ ਦੀ ਬਜ਼ਾਰ ਵਿਚ ਹੋ ਰਹੀ ਰਿਕਾਰਡਿੰਗ ਨੂੰ ਰੋਕਣ ਲਈ ਇਕ ਫ਼ਿਰਕੇ ਦੇ ਲੀਡਰ ਨੇ ਲਾਊਡ ਸਪੀਕਰ ਦੀਆਂ ਤਾਰਾਂ ਤੋੜ ਕੇ, ਫਸਾਦ ਦਾ ਮੁਢ ਬੰਨ੍ਹਿਆ ਅਤੇ ਸੜਨ ਵਾਲੀਆਂ ਦੁਕਾਨਾਂ ਦੀ ਗਿਣਤੀ ਵੀ ਬਰਾਬਰ ਦੀ ਹੈ। ਸ਼ਹਿਰ ਦੇ ਲੋਕੀਂ ਇਸ ਗੱਲ ਤੇ ਵੀ ਹੈਰਾਨ ਹਨ ਕਿ ਸ਼ਹਿਰ ਵਿਚ ਫ਼ਿਰਕੂ ਅੱਗ ਲਾਣ ਪਿਛੋਂ ਜਿਹੜੇ ਲੋਕ ਸੀ. ਆਰ. ਪੀ. ਜ਼ਿੰਦਾਬਾਦ ਤੇ ਪੰਜਾਬ ਪੁਲੀਸ ਮੁਰਦਾਬਾਦ ਦੇ ਨਾਅਰੇ ਲਾ ਕੇ ਪੁਲੀਸ ਨੂੰ ਵੀ ਦੋ ਹਿਸਿਆਂ 'ਚ ਵੰਡਣ ਅਤੇ ਉਨ੍ਹਾਂ ਵਿਚ ਫ਼ਿਰਕੂਪੁਣਾ ਜਾਂ ਇਲਾਕਾਪ੍ਰਸਤੀ ਪੈਦਾ ਕਰਨ ਦਾ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਨਥ ਕਿਉਂ ਨਹੀਂ ਪਾਈ ਜਾਂਦੀ। —ਅਜੀਤ, ੧੨-੫-੮੩

## *ਪੰਜਾਬ ਮਸਲੇ ਦੇ ਹਲ ਚਿ ਹੋਰ ਦੇਰ ਹੋਈ ਤਾਂ ਹਿੰਦੂ-ਸਿਖ ਫ਼ਸਾਦ ਭੜਕ ਪੈਣਗੇ—*
## *—ਖ਼ੁਸ਼ਵੰਤ ਸਿੰਘ*

ਨਵੀਂ ਦਿਲੀ, ੧੧ ਮਈ—(ਸ) ਪ੍ਰਮੁਖ ਪਤਰਕਾਰ ਅਤੇ ਮੈਂਬਰ ਪਾਰਲੀਮੈਂਟ ਸ: ਖੁਸ਼ਵੰਤ ਸਿੰਘ ਨੇ ਕਿਹਾ ਹੈ ਕਿ ਜੇ ਕੇਂਦਰ ਨੇ ਪੰਜਾਬ ਮਸਲੇ ਦੇ ਹਲ ਵਿਚ ਹੋਰ ਦੇਰੀ ਕੀਤੀ ਤਾਂ ਪਟਿਆਲਾ ਦੀ ਤਰ੍ਹਾਂ ਹਿੰਦੂ-ਸਿਖ



www.AKJ.Org

ਫਸਾਦ ਗਵਾਂਢੀ ਰਾਜਾਂ ਹਰਿਆਣਾ, ਹਿਮਾਚਲ, ਰਾਜਸਥਾਨ, ਦਿਲੀ ਅਤੇ ਪਛਮੀ ਯੂ. ਪੀ. ਵਿਚ ਵੀ ਫੈਲ ਜਾਣਗੇ। ਇਕ ਪ੍ਰਸਿਧ ਸਪਤਾਹਕ ਪਤਰ ਵਿਚ ਲਿਖੇ ਲੇਖ ਵਿਚ ਸ: ਖੁਸ਼ਵੰਤ ਸਿੰਘ ਨੇ ਕਿਹਾ ਹੈ ਕਿ ਇਸ ਤਰ੍ਹਾਂ ਪੰਜਾਬ ਵਿਚ ਰਹਿੰਦੇ ਹਿੰਦੂਆਂ ਅਤੇ ਹੋਰ ਰਾਜਾਂ ਵਿਚ ਰਹਿੰਦੇ ਸਿਖਾਂ, ਜੋ ਭਾਰਤ ਦੀ ਕੁਲ ਵਸੋਂ ਦਾ ਸਿਰਫ ੨% ਹੀ ਹਨ, ਦੇ ਮਨਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਜਾਵੇਗੀ। ਇਹਨਾਂ ਥਾਵਾਂ ਤੇ ਸ਼ਰਾਰਤੀ ਅਨਸਰਾਂ ਨੂੰ ਖਾਲਸਤਾਨ ਦਾ ਬੀਜ ਬੀਜਣ ਦਾ ਮੌਕਾ ਵੀ ਮਿਲ ਜਾਵੇਗਾ। ਉਹਨਾਂ ਕਿਹਾ ਕਿ ਨਾ ਤਾਂ ਹਿੰਦੂ ਅਤੇ ਨਾ ਹੀ ਸਿਖ ਚਾਹੁੰਦੇ ਹਨ ਕਿ ਕਲ੍ਹ ਇਹ ਇਕ ਹਕੀਕਤ ਬਣ ਜਾਵੇ। ਸਰਦਾਰ ਖ਼ੁਸ਼ਵੰਤ ਸਿੰਘ ਅਨੁਸਾਰ ਜੇ ਅਸੀਂ ਹੁਣ ਮੌਕਾ ਨਾ ਸੰਭਾਲ ਸਕੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ਼ ਨਹੀਂ ਕਰਨਗੀਆਂ। ਉਹਨਾਂ ਕਿਹਾ ਕਿ ਡੀ. ਆਈ. ਜੀ. ਅਟਵਾਲ ਦੇ ਕਤਲ ਪਿਛੋਂ ਤਾਂ ਖਿਚਾਅ ਹੋਰ ਵੀ ਵਧ ਗਿਆ ਹੈ ਤੇ ਜੇ ਸਰਕਾਰ ਨੇ ਇਸ ਵੇਲੇ ਦਰਬਾਰ ਸਾਹਿਬ ਚਿ ਪੁਲਸ ਦਾਖਲ ਕਰ ਦਿਤੀ ਤਾਂ ਇਹ ਸਭ ਤੋਂ ਭੈੜੀ ਗੱਲ ਹੋਵੇਗੀ ਤੇ ਪੰਜਾਬ ਲਪਟਾਂ ਵਿਚ ਘਿਰ ਜਾਵੇਗਾ। ਏਸੇ ਸਮੇਂ ਖੁਸ਼ਵੰਤ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਗੁਰਦਵਾਰਿਆਂ ਨੂੰ ਅਪਰਾਧੀਆਂ ਦੀ ਪਨਾਹਗਾਹ ਬਣਾ ਦਿਤਾ ਗਿਆ ਹੈ, ਇਹ ਸਿਲਸਿਲਾ ਤੁਰੰਤ ਬੰਦ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹ ਸਪਸ਼ਟ ਹੈ ਕਿ ਬਹੁਸੰਮਤੀ-ਸਿਖਾਂ ਦੀ ਅਕਾਲੀ ਦਲ ਨਾਲ ਹਮਦਰਦੀ ਹੈ ਕਿਉਂਕਿ ਅਕਾਲੀ ਇਹ ਪ੍ਰਭਾਵ ਪਾਉਣ ਵਿਚ ਸਫਲ ਹੋ ਗਏ ਹਨ ਕਿ ਉਹ ਖਾਲਸਾ ਪੰਥ ਦੀ ਪ੍ਰਤੀਨਿਧਤਾ ਕਰਦੇ ਹਨ। ਸਿਖਾਂ ਲਈ ਇਹ ਬਹੁਤ ਵਡੀ ਗੱਲ ਹੈ। ਖੁਸ਼ਵੰਤ ਸਿੰਘ ਅਨੁਸਾਰ ਗਿਆਨੀ ਜ਼ੈਲ ਸਿੰਘ ਨੇ ਵੀ ਦਲ ਖਾਲਸਾ ਕਾਇਮ ਕਰਕੇ ਸਿਖਾਂ ਦੀ ਹਮਦਰਦੀ ਜਿਤਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਸਫਲ ਨਹੀਂ ਹੋ ਸਕੇ। ਉਹਨਾਂ ਇਹ ਵੀ ਕਿਹਾ ਕਿ ਇੰਨੀ ਲੰਬੀ ਦੇਰ ਤਕ ਮੋਰਚਾ ਜਾਰੀ ਰੱਖ ਸਕਣ ਵਿਚ ਅਕਾਲੀ ਦਲ ਦਾ ਹੋਰ ਕੋਈ ਰਾਜਸੀ ਦਲ ਸਾਨੀ ਨਹੀਂ। ਇਸਦੇ ਲਗਪਗ ੧.੫ ਲੱਖ ਵਲੰਟੀਅਰ ਗ੍ਰਿਫ-ਤਾਰੀਆਂ ਦੇ ਚੁਕੇ ਹਨ ਤੇ ਅਕਾਲੀ ਅਨਿਸਚਤ ਸਮੇਂ ਤਕ ਇਹ ਸਿਲਸਿਲਾ ਜਾਰੀ ਰਖ ਸਕਦੇ ਹਨ। ਸ: ਖੁਸ਼ਵੰਤ ਸਿੰਘ ਅਨੁਸਾਰ ਅਕਾਲੀ ਮੰਗਾਂ ਮੰਗਣ ਵਿਚ ਕੋਈ ਵਡੀ ਰੁਕਾਵਟ ਨਹੀਂ, ਕਿਉਂਕਿ ਸ: ਖ਼ੁਸ਼ਵੰਤ ਸਿੰਘ ਦੇ ਵਿਚਾਰ ਅਨੁਸਾਰ ਅਕਾਲੀ ਬਹੁਤ ਸ਼ਾਂਤ ਚਿਤ, ਹਲੀਮੀ ਨਾਲ ਪੇਸ਼ ਆਉਣ ਵਾਲੇ ਅਤੇ ਸਬਰ ਸੰਤੋਖ ਵਾਲੇ ਹਨ। ਪ੍ਰਧਾਨ ਮੰਤਰੀ ਡਰਦੇ ਹਨ ਤਾਂ ਸਿਰਫ਼ ਸ੍ਰੀ ਭਜਨ ਲਾਲ ਦੀ ਪ੍ਰਤੀਕਿਰਿਆ ਤੋਂ ਡਰਦੇ ਹਨ। ਉਹਨਾਂ ਕਿਹਾ ਕਿ ਹੁਣ ਤਾਂ ਸਥਿਤੀ ਇਥੋਂ ਤਕ ਗੰਭੀਰ ਹੋ ਗਈ ਹੈ ਕਿ ਮੇਰੇ ਵਰਗੇ ਆਦਮੀ ਨੂੰ ਵੀ ਪਾਰਲੀ-ਮੈਂਟ ਦੇ ਪਿਛਲੇ ੨ ਸਮਾਗਮਾਂ ਦੌਰਾਨ ਅਕਾਲੀਆਂ ਦਾ ਬੁਲਾਰਾ ਬਣਨ ਲਈ ਮਜਬੂਰ ਹੋਣਾ ਪਿਆ ਹੈ। ਇਸੇ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਨੇ ਇਕ ਵਿਸ਼ੇਸ਼ ਇੰਟਰਵਿਊ ਵਿਚ ਕਿਹਾ ਹੈ ਕਿ ਉਹ ਨਾ ਤਾਂ ਖਾਲਿਸਤਾਨ ਦੀ ਮੰਗ ਕਰਦੇ ਹਨ ਤੇ ਨਾ ਹੀ ਇਸ ਦਾ ਵਿਰੋਧ। ਉਹਨਾਂ ਕਿਹਾ ਕਿ ਕੇਂਦਰ ਨੇ ਜੇ ਸਾਨੂੰ ਇਹ ਦੇ ਦਿਤਾ ਤਾਂ ਅਸੀਂ ਪ੍ਰਵਾਨ ਕਰ ਲਵਾਂਗੇ ਤੇ ਸਿਖ ਉਸ ਗ਼ਲਤੀ ਨੂੰ ਮੁੜ ਨਹੀਂ ਦੁਹਰਾਉਣਗੇ ਜੋ ਉਹਨਾਂ ਨੇ ੧੯੪੭ ਵਿਚ ਹਿੰਦ-ਪਾਕ ਵੰਡ ਵੇਲੇ ਕੀਤੀ ਸੀ। ਇਹ ਪੁਛੇ ਜਾਣ ਤੇ ਕਿ ਪੰਜਾਬ ਵਿਚ ਅਮਨ ਕਿਵੇਂ ਕਾਇਮ ਹੋ ਸਕਦਾ ਹੈ ਤਾਂ ਉਹਨਾਂ ਕਿਹਾ ਕਿ ਸਿੱਖਾਂ ਨੂੰ ਬਰਾਬਰ ਦਾ ਦਰਜਾ ਦੇਣ, ਅਤੇ ਅਨੰਦਪੁਰ ਮਤੇ ਵਿਚ ਦਰਜ ਸਾਰੀਆਂ ਮੰਗਾਂ ਪ੍ਰਵਾਨ ਹੋਣ ਨਾਲ ਪੰਜਾਬ ਵਿਚ ਤੁਰੰਤ ਸਥਾਈ ਅਮਨ ਕਾਇਮ ਹੋ ਜਾਵੇਗਾ। ਇਹ ਪੁਛੇ ਜਾਣ ਤੇ ਕਿ ਦਰਬਾਰ ਸਾਹਿਬ ਵਿਚ ਪੁਲਸ ਦਾਖ਼ਲ ਹੋ ਗਈ ਤਾਂ ਕੀ ਹੋਵੇਗਾ, ਜਿਵੇਂ ਕਿ ਸਰਕਾਰ ਵਲੋਂ ਧਮਕੀਆਂ ਦਿੱਤੀਆਂ ਗਈਆਂ ਹਨ, ਸੰਤ ਭਿੰਡਰਾਂਵਾਲਾ ਨੇ ਕਿਹਾ ਕਿ ਇਹ ਸਮਾਂ ਹੀ ਦਸੇਗਾ 'ਮੈਂ ਪਹਿਲਾਂ ਕੁਝ ਨਹੀਂ ਕਹਿਣਾ ਚਾਹੁੰਦਾ।' ਦਰਬਾਰ ਸਾਹਿਬ ਵਿਚ ਸ: ਅਟਵਾਲ ਦੇ ਹੋਏ ਕਤਲ ਸਬੰਧੀ ਟਿਪਣੀ ਕਰਦਿਆਂ ਸੰਤ ਭਿੰਡਰਾਂਵਾਲਾ ਨੇ ਕਿਹਾ ਕਿ ਕਤਲ ਤੋਂ ਪਿਛੋਂ ਦਰਬਾਰ ਸਾਹਿਬ ਨੇੜੇ ਹੋਰ ਵੀ ਗੋਲੀ ਚਲਣ ਦੀਆਂ ਘਟਨਾਵਾਂ ਹੋਈਆ ਤੇ ਸਰਕਾਰ ਦਰਬਾਰ ਸਾਹਿਬ ਨੂੰ ਬਦਨਾਮ ਕਰਨ ਲਈ ਇਹ ਸਾਰਾ ਕੁਝ ਕਰ ਰਹੀ ਹੈ। ਇਹ ਪੁਛੇ



www.AKJ.Org

ਜਾਣ ਤੇ ਕਿ ਰਾਜ ਦੇ ਮੁਖ ਮੰਤਰੀ ਵੀ ਤਾਂ ਇਕ ਸਿਖ ਹਨ, ਫਿਰ ਅਜਿਹਾ ਕਿਵੇਂ ਹੋ ਸਕਦਾ ਹੈ। ਸੰਤ ਜੀ ਨੇ ਕਿਹਾ ਕਿ ਇਤਿਹਾਸ ਸਾਖ਼ਸ਼ੀ ਹੈ ਕਿ ਹਿੰਦੂ-ਹਿੰਦੂਆਂ ਤੇ ਮੁਸਲਮਾਨ-ਮੁਸਲਮਾਨਾਂ ਤੇ ਵੀ ਤਸ਼ੱਦਦ ਕਰ ਰਹੇ ਹਨ, ਫਿਰ ਮੁਖ ਮੰਤਰੀ ਲਈ ਇਹ ਸੰਭਵ ਕਿਉਂ ਨਹੀਂ। —ਅਜੀਤ, ੧੨-੫-੮੩

## ਮਰਜੀਵੜਿਆਂ ਵਲੋਂ ਆਪਾ ਵਾਰਨ ਦਾ ਪ੍ਰਣ—

ਅੰਮ੍ਰਿਤਸਰ,੧੧ ਮਈ—ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਮੋਰਚਾ ਡਿਕਟੇਟਰ ਸੰਤ ਲੌਂਗੋਵਾਲ ਨੇ ਮਰਜੀਵੜਿਆਂ ਦੀ ਦੂਜੀ ਕਿਸ਼ਤ ਨੂੰ ਆਪਾ ਵਾਰਨ ਦੀ ਸਹੁੰ ਚੁਕਾਈ। ਅੱਜ ੨੨੬੩੭ ਮਰਜੀਵੜਿਆਂ ਨੇ ਪ੍ਰਣ ਕੀਤਾ ਕਿ ਉਹ ਪੰਥ ਦੀ ਖ਼ਾਤਰ ਸੰਤ ਜੀ ਦੇ ਹੁਕਮ ਤੇ ਆਪਾ ਵਾਰ ਦੇਣਗੇ। ਇਹ ਸਹੁੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਨੇ ਸੰਤ ਜੀ ਨੂੰ ਆਗਿਆ ਦਿਤੀ ਸੀ ਕਿ ਉਹ ਪ੍ਰਣ ਕਰਾਉਣ। ਸੰਤ ਜੀ ਨੇ ਇਕ ਲੱਖ ਮਰਜੀਵੜੇ ਭਰਤੀ ਕਰਨ ਦਾ ਪ੍ਰੋਗਰਾਮ ਬਣਾਇਆ ਸੀ। ਇਹ ਮਰਜੀਵੜੇ ਦੋ ਘੰਟੇ ਦੇ ਨੋਟਿਸ ਤੇ ਐਕਸ਼ਨ ਲਈ ਤਿਆਰ ਹੋਣਗੇ। —ਅਜੀਤ, ੧੨-੫-੮੩

ਅੰਮ੍ਰਿਤਸਰ ੧੨ ਮਈ—(ਸ.ਰਿ. ਯੂ.ਐਨ.ਆਈ., ਪੀ.ਟੀ.ਆਈ.) ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅੱਜ ਤੀਜੀ ਵਾਰ ੬੦੪੧੯ ਮਰਜੀਵੜਿਆਂ ਨੂੰ ਆਪਾ ਵਾਰਨ ਦੀ ਸਹੁੰ ਚੁਕਾਉਣ ਸਮੇਂ ੧੭ ਜੂਨ ਨੂੰ ਇਕ-ਦਿਨਾ ਐਕਸ਼ਨ ਕਰਨ ਦਾ ਵੀ ਐਲਾਨ ਕਰ ਦਿਤਾ। ਉਨ੍ਹਾਂ ਕਿਹਾ ਕਿ ਐਕਸ਼ਨ ਕਿਸ ਕਿਸਮ ਦਾ ਹੋਵੇਗਾ, ਇਸ ਬਾਰੇ ਮਰਜੀਵੜਿਆਂ ਨੂੰ ੨੪ ਘੰਟੇ ਪਹਿਲਾਂ ਸੂਚਨਾ ਦਿਤੀ ਜਾਵੇਗੀ। ਐਕਸ਼ਨ ਰਾਜ ਭਰ ਵਿਚ ਹੋਵੇਗਾ। —ਅਜੀਤ, ੧੩-੫-੮੩

(ਨੋਟ :—ਤਿੰਨ ਦਿਨਾਂ ਦੀ ਗਿਣਤੀ ਇਕ ਲਖ ਪੰਦਰਾਂ ਹਜ਼ਾਰ ਤਕ ਪੁਜ ਚੁਕੀ ਹੈ।)

## ਨਵੇਂ ਪ੍ਰੋਗਰਾਮ ਦਾ ਐਲਾਨ—

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚੇ ਦੇ ਨਵੇਂ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਜੋ ਹੋਰ ਵਾਲੰਟੀਅਰ ਮਰਜੀਵੜਿਆਂ ਵਜੋਂ ਸਹੁੰ ਚੁਕਣਾ ਚਾਹੁਣਗੇ ਉਹਨਾਂ ਨੂੰ ਜ਼ਿਲਾ ਅਕਾਲੀ ਜਥਿਆਂ ਦੇ ਪ੍ਰਧਾਨਾ ਦੀ ਸਿਫਾਰਸ਼ ਤੇ ੩੧ ਮਈ ਤਕ ਵਖ ਵਖ ਸਮਾਗਮਾਂ ਵਿਚ ਸਹੁੰ ਚੁਕਾਈ ਜਾਵੇਗੀ। ਇਹ ਫੈਸਲਾ ਅਜ ਅਕਾਲੀ ਹਾਈ ਕਮਾਂਡ ਦੀ ਮੀਟਿੰਗ ਵਿਚ ਕੀਤਾ ਗਿਆ। ਵਰਕਰਾਂ ਨੂੰ ਕਿਹਾ ਗਿਆ ਹੈ ਕਿ ਉਹ ੩੧ ਮਈ ਤਕ ਆਪਣੇ ਨਾਮ ਦਰਜ ਕਰਵਾ ਸਕਦੇ ਹਨ।

## ਆਨੰਦਪੁਰ ਸਾਹਿਬ 'ਚ ਕੈਂਪ—

ਉਹਨਾਂ ਐਲਾਨ ਕੀਤਾ ਕਿ ਪਹਿਲੀ ਜੂਨ ਤੋਂ ੬ ਜੂਨ ਤਕ ਵਿਸ਼ੇਸ਼ ਮਰਜੀਵੜਿਆਂ ਦਾ ਇਕ ਕੈਂਪ ਆਨੰਦਪੁਰ ਸਾਹਿਬ ਵਿਚ ਲਗੇਗਾ। ਇਹ ਵਿਸ਼ੇਸ਼ ਮਰਜੀਵੜੇ ੮ ਤੋਂ ੧੨ ਜੂਨ ਤਕ ਵਖ ਵਖ ਥਾਵਾਂ ਤੇ ਮੀਟਿੰਗਾਂ ਕਰਕੇ ਬਾਕੀ ਵਾਲੰਟੀਅਰਾਂ ਨੂੰ ਕੈਂਪ ਦਾ ਪ੍ਰੋਗਰਾਮ ਦਸਣਗੇ। ੧੪ ਜੂਨ ਨੂੰ ਥਾਂ ਥਾਂ ਵਾਲੰਟੀਅਰਾਂ ਵਲੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਮਨਾਇਆ ਜਾਵੇਗਾ ਅਤੇ ੧੭ ਜੂਨ ਨੂੰ ਇਕ ਦਿਨ ਲਈ ਪੰਜਾਬ ਭਰ ਵਿਚ ਐਕਸ਼ਨ ਕੀਤਾ ਜਾਵੇਗਾ। ਐਕਸ਼ਨ ਦੇ ਪਰੋਗਰਾਮ ਦੀ ਇਤਲਾਹ ਮਰਜੀਵੜੇ ਵਾਲੰਟੀਅਰਾਂ ਨੂੰ ੨੪ ਘੰਟੇ ਪਹਿਲਾਂ ਦਿਤੀ ਜਾਵੇਗੀ। —ਅਜੀਤ, ੧੩-੫-੮੩

## ੧੭ ਜੂਨ ਨੂੰ ਸ਼ਹੀਦੀ ਮਾਰਚ ਅਕਾਲੀ ਦਲ ਦੇ ਪ੍ਰੋਗਰਾਮ ਦਾ ਹਿੱਸਾ ਹੋਵੇਗਾ—

ਲੁਧਿਆਣਾ, ੧੪ ਮਈ—ਸ਼ਰੋਮਣੀ ਅਕਾਲੀ ਦਲ ਦਾ ਮੋਰਚਾ ੧੦ ਮਹੀਨੇ ਵਿਚ ਦਾਖਲ ਹੋ ਗਿਆ ਹੈ ਤੇ ਇਸ ਦੇ ਛੇਤੀ ਖ਼ਤਮ ਹੋਣ ਦੀ ਸੰਭਾਵਨਾ ਨਹੀਂ, ਕਿਉਂਕਿ ਅਕਾਲੀ ਦਲ ਤੇ ਸਰਕਾਰ ਦਾ ਵਤੀਰਾ ਸਖ਼ਤ ਹੁੰਦਾ ਜਾ ਰਿਹਾ ਹੈ। ਇਸ ਸਮੇਂ ਮੋਰਚੇ ਦੀ ਸਫਲਤਾ ਲਈ ਸਾਰਾ ਸਿਖ ਪੰਥ ਇਕ ਹੈ। ਅਕਾਲੀ ਦਲ ਦਾ ਅਗਲਾ ਪ੍ਰੋਗਰਾਮ ਸਰਕਾਰ ਨੂੰ 'ਅਪਾਹਜ' ਕਰਨ ਦੇ ਤੁਲ ਹੋਵੇਗਾ ਅਤੇ ਸ਼ਾਂਤੀ ਪੂਰਵਕ ਰਹਿੰਦੇ ਹੋਏ ਅਜਿਹੇ ਹਾਲਾਤ



www.AKJ.Org

ਪੈਦਾ ਕੀਤੇ ਜਾਣਗੇ ਕਿ ਸਰਕਾਰ ਕੁਝ ਨਾ ਕਰ ਸਕੇਗੀ। ਜੇ ਉਹ ਸਖਤੀ ਕਰੇਗੀ ਤਾਂ ਬਦਨਾਮ ਹੋਵੇਗੀ। ਜੀਵਨ ਠਪ ਹੋ ਜਾਏਗਾ। ਸ਼ਹਿਰਾਂ ਦੇ ਨਾਰਮਲ ਜੀਵਨ ਤੇ ਅਸਰ ਪਏਗਾ। ਇਕ ਲਖ ਮਰਜੀਵੜੇ ਜਦ ਇਕੋ ਦਿਨ ਐਕਸ਼ਨ ਲਈ ਸੜਕ ਤੇ ਆਉਣਗੇ ਤਾਂ ਸਰਕਾਰ ਉਹਨਾਂ ਨੂੰ ਸੰਭਾਲ ਨਾ ਸਕੇਗੀ। ਸਰਕਾਰ ਨੂੰ ਇਕ ਮਹੀਨੇ ਦਾ ਸਮਾਂ ਦਿਤਾ ਗਿਆ ਹੈ ਤਾਂ ਜੁ ਕਿਸਾਨ ਕਟਾਈ ਆਦਿ ਤੋਂ ਵਿਹਲੇ ਹੋ ਜਾਣ। ਇਸ ਤਰ੍ਹਾਂ ਕਿਸਾਨ ਵੀ ਸੰਘਰਸ਼ ਵਿਚ ਸ਼ਾਮਿਲ ਹੋ ਜਾਣਗੇ। ਇਹ ਵੀ ਪ੍ਰੋਗਰਾਮ ਹੈ ਕਿ ਮਰਜੀਵੜੇ ਗੁਰੂ ਤੇਗ ਬਹਾਦਰ ਮਾਰਗ ਤੇ ੧੭ ਜੂਨ ਸ਼ਹੀਦੀ ਮਾਰਚ ਕਰਨਗੇ। ਇਹ ਮਾਰਚ ਦਿਲੀ ਪੁਜੇਗਾ। ਜਿਥੇ ਵੀ ਪੁਲਸ ਇਸ ਮਾਰਚ ਨੂੰ ਰੋਕੇਗੀ, ਇਹ ਉਥੇ ਬੈਠ ਜਾਏਗਾ।

—ਅਜੀਤ, ੧੫-੫-੮੩

**ਦਲ ਵਲੋਂ 'ਪੰਜਾਬ ਬੰਦ' ਲਈ ਤਿਆਰੀਆਂ ਸ਼ੁਰੂ,**
**ਸਰਕਾਰ ਨਾਲ ਕਿਸੇ ਸਮਝੌਤੇ ਦੀ ਆਸ ਘੱਟ—**

ਲੁਧਿਆਣਾ, ੧੯ ਮਈ—ਪਤਾ ਲਗਾ ਹੈ ਕਿ ਅਕਾਲੀ ਦਲ ਨੇ ਪ੍ਰਸਤਾਵਿਤ 'ਪੰਜਾਬ ਬੰਦ' ਲਈ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ। ਇਸ ਸਬੰਧ ਵਿਚ ਅਕਾਲੀ ਜਥਿਆਂ ਨੂੰ ਹਿਦਾਇਤ ਕਰ ਦਿਤੀ ਗਈ ਹੈ ਕਿ ਉਹ ਲੋਕਾਂ ਨੂੰ ਪ੍ਰੇਰਨ ਲਈ ਪਿੰਡਾਂ ਵਿਚ ਜਾ ਕੇ ਪ੍ਰਚਾਰ ਕਰਨ। ਇਸ ਮੰਤਵ ਲਈ ਮਰਜੀਵੜਿਆਂ ਨੂੰ ਆਨੰਦਪੁਰ ਸਾਹਿਬ ਵਿਚ ਲੱਗਣ ਵਾਲੇ ਕੈਂਪ ਵਿਚ ਐਕਸ਼ਨ ਲਈ ਤਿਆਰ ਰਹਿਣ ਨੂੰ ਕਿਹਾ ਜਾਏਗਾ। ਇਹ ਵੀ ਪਤਾ ਲਗਾ ਹੈ ਕਿ ਸਰਕਾਰ ਅਕਾਲੀਆਂ ਦੇ ਕਿਸੇ ਵੀ ਚੈਲੰਜ ਦਾ ਸਖ਼ਤੀ ਨਾਲ ਮੁਕਾਬਲਾ ਕਰੇਗੀ। ਇਹ ਵੀ ਸੰਭਵ ਹੈ ਕਿ ੪ ਅਪ੍ਰੈਲ ਦੇ ਅੰਦੋਲਨ ਵਾਂਗ 'ਪੰਜਾਬ ਬੰਦ' ਤੋਂ ਪਹਿਲਾਂ ਹੀ ਅਕਾਲੀ ਵਰਕਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਜਾਣਗੀਆਂ। ਅਕਾਲੀ ਹਲਕਿਆਂ ਤੋਂ ਪਤਾ ਲਗਾ ਹੈ ਕਿ ਸਰਕਾਰ ਨਾਲ ਛੇਤੀ ਸਮਝੌਤਾ ਹੋਣ ਦੀ ਕੋਈ ਆਸ ਨਹੀਂ। ਅਕਾਲੀ ਦਲ ਨੇ ਲੰਮੇ ਸਮੇਂ ਤਕ ਮੋਰਚਾ ਜਾਰੀ ਰੱਖਣ ਦਾ ਫੈਸਲਾ ਕਰ ਰਖਿਆ ਹੈ।

—ਅਜੀਤ, ੨੦-੫-੮੩

---

# ਸੱਚ ਦੇ ਪੁਜਾਰੀ—ਪੰਚਮ ਪਿਤਾ ਜੀ

[ਸ: ਧਰਮ ਸਿੰਘ ਭੈਖਰਪੁਰਾ ਮੁੰਦਰਾ]

ਅਮਨ ਦੇ ਹਾਮੀ, ਤੇ ਸੱਚ ਦੇ ਪੁਜਾਰੀ।
ਤੈਨੂੰ ਮੈਂ ਸਿਜਦੇ ਕਰਾਂ ਕੋਟ ਵਾਰੀ।
ਪੰਚਮ ਪਿਤਾ ਜੀ, ਬਾਣੀ ਦੇ ਬੋਹਿਥਾ,
ਜੱਗ ਵਿਚ ਤੇਰੀ ਹੈ, ਸ਼ਾਨ ਨਿਆਰੀ।
ਤੇਰੀਆਂ ਨਜ਼ਰਾਂ ਚਿ ਸਭ ਨੇ ਬਰਾਬਰ।
ਤੂੰ ਏਂ ਅਨੇਕਾਂ ਹੀ, ਨਗਰਾਂ ਦਾ ਕਾਦਿਰ।
ਅਨੇਕਾਂ ਹੀ ਬਾਉਲੀ ਸਰੋਵਰ ਬਣਾਏ,
ਬਾਣੀ ਦਾ ਤੂੰ ਹੈਂ ਅਥਾਹ ਮਹਾਂ ਸਾਗਰ।
ਅੰਮ੍ਰਿਤ ਦੇ ਸਰ ਚਿ ਬਣਿਆ ਹਰਿਮੰਦਰ।
ਮਿਲਦੀ ਮਿਸਾਲ ਨਾ ਚਾਰੇ ਦਿਸੰਦਰ।
ਕਿਸੇ ਲਈ ਨਾਹੀ ਕੋਈ ਪਾਬੰਦੀ,
ਹਰ ਕੋਈ ਸਰਧਾ ਨਾਲ ਜਾ ਸਕਦੈ ਅੰਦਰ।
ਚਾਰੇ ਦਿਸ਼ਾਵਾਂ ਵੱਲ ਬੂਹੇ ਨੇ ਖੁੱਲ੍ਹੇ।
ਲੁੱਟਦੇ ਹਮੇਸ਼ਾ ਖਜ਼ਾਨੇ ਅਮੁੱਲੇ।
ਖੱਟਦੇ ਨੇ ਖੱਟੀਆਂ, ਸੱਚ ਦੇ ਵਪਾਰੀ,
ਲੈਂਦੇ ਨੇ ਰਤਨ ਪਦਾਰਥ ਅਤੁੱਲੇ।
ਹਿੰਦੂ ਕੀ ਮੁਸੱਲਮ, ਬਰਾਬਰ ਹੈ ਇੱਜ਼ਤ।
ਇਹ ਹੈ, ਸੁਮਾਰਗ ਸੱਚੀ ਮੁਹੱਬਤ।
ਇਥੇ "ਨਾ ਕੋ ਬੈਰੀ ਨਹੀ ਬਿਗਾਨਾ"
ਸਭਨਾਂ ਦੀ ਸਾਂਝੀ, ਉਲਫ਼ਤ ਦੀ ਦੌਲਤ।
ਪੰਚਮ-ਗੁਰੂ ਤੇਰੀ ਧੰਨ ਹੈ ਸ਼ਹਾਦਤ।
ਕਰਨੀ ਸਿਖਾਈ ਹੈ ਸੱਚੀ ਇਬਾਦਤ।
'ਗਿਆਨ ਦਾ ਸੋਮਾ' ਗ੍ਰੰਥ-ਗੁਰੂ ਜੋ,
ਪੰਚਮ ਪਿਤਾ ਆਪ ਕੀਤਾ ਸੰਪਾਦਿਤ।
ਸ਼ਹੀਦਾਂ ਦੇ ਸਿਰ ਦੇ ਤਾਜ ਗੁਰੂ ਜੀ।
ਧੁਰ ਦਰਗਾਹੀ ਅਵਾਜ਼ ਗੁਰੂ ਜੀ।
ਸੱਚ ਦੇ ਪੁਜਾਰੀ ਇਉਂ ਮਰਨਾ ਸਿਖਾ ਗਏ,
'ਮੁੰਦਰੇ' ਗਰੀਬੁਲ ਨਿਵਾਜ਼ ਗੁਰੂ ਜੀ।


www.AKJ.Org

# ਅਕਾਲੀ ਮੋਰਚੇ ਨੂੰ ਵਿਸ਼ਵ ਪ੍ਰਸਿਧੀ ਪ੍ਰਾਪਤ ਹੋਈ

## ਦੁਨੀਆ ਭਰ ਦੇ ਅਖ਼ਬਾਰਾਂ, ਰੇਡੀਓ ਅਤੇ ਸਿਆਸਤਦਾਨਾਂ ਨੂੰ ਅਕਾਲੀ ਮੋਰਚੇ ਵਿਚ ਦਿਲਚਸਪੀ

[ਤਰਤੀਬ—ਸ: ਗੁਰਬਖਸ਼ ਸਿੰਘ ਜੀ]

## ਸਿੱਖਾਂ ਤੇ ਮੁਸਲਮਾਨਾਂ ਨਾਲ ਇਹ ਵਰਤਾਓ ਕਿਉਂ ? ਅਜ ਸਾਰੀ ਦੁਨੀਆ ਪੁਛ ਰਹੀ ਹੈ ?

ਸੰਤ ਲੌਂਗੋਵਾਲ ਦਾ ਫਰਾਂਸੀਸੀ ਟੀ. ਵੀ. ਤੋਂ ਟੈਲੀਕਾਸਟ ਹੋਇਆ + ਬੀ. ਬੀ. ਸੀ. ਤੋਂ ਉਹਨਾਂ ਦੇ ਬਿਆਨ ਬਰਾਡਕਾਸਟ ਹੋਏ × ਰੇਡੀਓ ਨਿਊਜ਼ੀਲੈਂਡ ਨੇ ਸੰਤਾਂ ਦਾ ਇੰਟਰਵਿਊ ਨਸ਼ਰ ਕੀਤਾ × ਖਲੀਜ ਦੇ ਦੇਸ਼ਾਂ ਦੇ ਅਖ਼ਬਾਰਾਂ ਵਿਚ ਉਹਨਾਂ ਦੇ ਵਿਚਾਰ ਛਪੇ। ਦੁਨੀਆ ਦੇ ਲਗ ਪਗ ਸਭ ਦੇਸ਼ਾਂ ਦੇ ਅਖ਼ਬਾਰਾਂ ਵਿਚ ਸਿੱਖਾਂ ਬਾਰੇ ਲਿਖਿਆ ਗਿਆ।

ਇੰਦਰਾ ਗਾਂਧੀ ਨੂੰ ਬਿਦੇਸ਼ੀ ਪਤਰਕਾਰਾਂ ਨੇ ਪੰਜਾਬ ਦੀ ਸਥਿਤੀ ਬਾਰੇ ਪੁਛਿਆ। ਮਿਸਰ ਦੇ ਸਭ ਤੋਂ ਵਡੇ ਅਖ਼ਬਾਰ ਅਲ-ਇਹਰਾਮ 'ਚ ਇੰਦ੍ਰਾ ਦਾ ਇੰਟਰਵਿਊ ਛਪਿਆ ਤਾਂ ਉਸ ਵਿਚ ਸਿੱਖਾਂ ਬਾਰੇ ਸੁਆਲ ਪੁਛੇ ਗਏ। ਆਸਾਮ ਬਾਰੇ ਪ੍ਰਚਾਰ ਹੋਇਆ ਕਿ ਉਥੇ ਮੁਸਲਮਾਨਾਂ ਦਾ ਕਤਲਾਮ ਕੀਤਾ ਗਿਆ ਤਾਂ ਪੰਜਾਬ 'ਚ ਸਿੱਖਾਂ ਨਾਲ ਜਬਰ ਕਿਉਂ ? ਦੁਨੀਆ ਜੁਆਬ ਮੰਗਦੀ ਹੈ।

ਭਾਰਤ ਸਰਕਾਰ ਅੱਜ ਵੀ ਇਸ ਗਲਤ ਫਹਿਮੀ ਵਿਚ ਹੈ ਕਿ ਅਕਾਲੀ ਮੋਰਚਾ ਜਿਤਨਾ ਲੰਬਾ ਹੋਵੇਗਾ ਉਤਨੇ ਹੀ ਅਕਾਲੀ ਥਕ ਜਾਣਗੇ ਅਤੇ ਥਕਿਆ ਟੁਟਿਆ ਮਨੁੱਖ ਕਿੰਨੀ ਦੇਰ ਤਕ ਚਲ ਸਕੇਗਾ। ਸਰਕਾਰ ਦੀ ਇਹ ਨੀਤੀ ਨਵੀਂ ਨਹੀਂ, ਪੁਰਾਣੀ ਹੈ ਅਤੇ ਸਰਕਾਰ ਹਰ ਥਾਂ ਤੇ ਇਕ ਹੀ ਅਸੂਲ ਵਰਤਦੀ ਹੈ ਕਿ ਕੋਈ ਮਸਲਾ ਹਲ ਨਾ ਕਰੋ। ਹਰ ਮਸਲੇ ਨੂੰ ਬਿਨਾਂ ਹੱਲ ਦੇ ਛੱਡ ਦਿਓ, ਸਮਾਂ ਉਸ ਨੂੰ ਅਪਣੇ ਆਪ ਹੀ ਹੱਲ ਕਰ ਦਏਗਾ। ਇਹ ਵੀ ਕਾਰਨ ਹੈ ਕਿ ਅੱਜ ਤਕ ਕੋਈ ਮਸਲਾ ਹਲ ਨਹੀਂ ਹੋ ਸਕਿਆ। ਭਾਰਤ ਸਰਕਾਰ ਪੰਜਾਬ ਦੇ ਮਸਲੇ ਨੂੰ ਵੀ ਇਸ ਤਰ੍ਹਾਂ ਹੀ ਲੈ ਰਹੀ ਹੈ। ਪਰ ਇਕ ਪਖ ਅਜਿਹਾ ਹੈ ਜਿਸ ਵੱਲ ਉਹ ਧਿਆਨ ਨਹੀਂ ਦੇ ਰਹੀ ਤੇ ਉਹ ਪੱਖ ਹੁਣ ਬੜੀ ਤੇਜ਼ੀ ਨਾਲ ਉਜਾਗਰ ਹੋ ਰਿਹਾ ਹੈ। ਸਿੱਖਾਂ ਨੇ ਇਸ ਗੱਲ ਦਾ ਯਤਨ ਨਹੀਂ ਕੀਤਾ ਕਿ ਇਸ ਮਸਲੇ ਨੂੰ ਵਿਸ਼ਵ ਮਸਲਾ ਬਣਾਇਆ ਜਾਏ, ਪਰ ਹੌਲੀ ਹੌਲੀ ਇਹ ਬਣ ਰਿਹਾ ਹੈ। ਦੁਨੀਆ ਇਸ ਗੱਲ ਵਿਚ ਦਿਲਚਸਪੀ ਲੈ ਰਹੀ ਹੈ ਕਿ ਭਾਰਤ ਵਿਚ ਅਜਿਹੀ ਕਿਹੜੀ ਗੱਲ ਹੋ ਗਈ ਹੈ ਕਿ ਇਕ ਛੋਟੀ ਜਿਹੀ ਕੌਮ ਨੇ ਇਕ ਲੱਖ ਤੋਂ ਵੱਧ ਆਦਮੀ ਕੈਦ ਕਰਵਾ ਦਿਤੇ। ਪੁਲਿਸ ਦੀਆਂ ਗੋਲੀਆਂ ਖਾਧੀਆਂ। ਹੋਰ ਵੀ ਜ਼ੁਲਮ ਤੇ ਜਬਰ ਬਰਦਾਸ਼ਤ ਕੀਤੇ। ਪਰ ਕੌਮ ਵਿਚ ਕਿਸੇ ਤਰ੍ਹਾਂ ਦੀ ਬਦਦਿਲੀ ਨਹੀਂ ਆਈ। ਇਸ ਲਈ ਦੁਨੀਆ ਹੈਰਾਨ ਹੈ ਕਿ ਅਜਿਹੀ ਸਖਤ-ਜਾਨ ਕੌਮ ਸਿਖਾਂ ਵਿਚ ਕੀ ਖੂਬੀ ਹੈ। ਇਸ ਮੋਰਚੇ ਦੀਆਂ ਖਬਰਾਂ ਜਿਉਂ ਜਿਉਂ ਦੁਨੀਆ ਵਿਚ ਫੈਲਦੀਆਂ ਗਈਆਂ ਤਿਉਂ ਤਿਉਂ ਲੋਕਾਂ ਨੇ ਸਿਖਾਂ ਦੇ ਇਤਿਹਾਸ ਨੂੰ ਘੋਖਣਾ ਸ਼ੁਰੂ ਕੀਤਾ ਤਾਂ ਉਹਨਾਂ ਨੂੰ ਪਤਾ ਲਗਾ ਕਿ ਸਿਖ ਕੌਮ ਨੇ ਹਿੰਦੁਸਤਾਨ ਲਈ ਬੜੀਆਂ ਕੁਰਬਾਨੀਆਂ ਕੀਤੀਆਂ। ਫਿਰ ਸਿਖ ਹਰ ਦੇਸ਼ ਵਿਚ ਹਨ। ਉਹਨਾਂ ਨੇ ਸਪਸ਼ਟ ਕੀਤਾ ਕਿ ਭਾਰਤ ਵਿਚ ਰਹਿੰਦੇ ਸਿਖ ਦੇਸ਼ ਤੋਂ ਵੱਖ ਨਹੀਂ ਹੋਣਾ ਚਾਹੁੰਦੇ। ਉਹ ਕੇਵਲ ਭਾਰਤ ਵਿਚ ਅਜਿਹੀ ਥਾਂ ਚਾਹੁੰਦੇ ਹਨ ਜਿਥੇ ਉਹ ਇਜ਼ਤਮੰਦਾਨਾ ਢੰਗ ਨਾਲ ਜੀਵਨ ਗੁਜ਼ਾਰ ਸਕਣ। ਇਸ ਲਈ ਦੁਨੀਆ ਹੈਰਾਨ ਹੋਈ ਕਿ ਇਹ ਕਿਹੜੀ ਮੰਗ ਹੈ ਜਿਸ ਨੂੰ ਭਾਰਤ ਸਰਕਾਰ ਨਹੀਂ ਮੰਨ ਰਹੀ। ਕਿਸੇ ਦੇਸ਼ ਦੇ ਹਾਕਮ ਆਪਣੇ ਦੇਸ਼ ਦੇ ਟੁਕੜੇ ਕਰਨਾ ਤਾਂ ਗਵਾਰਾ ਨਹੀਂ ਕਰਦੇ, ਪਰ ਉਸ ਦੇਸ਼ ਦੇ ਲੋਕਾਂ ਨੂੰ ਹੱਕਾਂ ਤੋਂ ਵਾਂਝਿਆਂ ਵੀ ਨਹੀਂ ਕਰਦੇ। ਇਸ ਦੇ ਨਾਲ ਯੋਰਪ, ਪੱਛਮੀ ਏਸ਼ੀਆ ਤੇ ਅਮਰੀਕਾ ਵਿਚ ਅਕਾਲੀ ਲੀਡਰਾਂ ਦੇ ਇੰਟਰਵਿਊ ਛਪੇ, ਜੋ ਟੈਲੀਵੀਯਨ ਤੇ ਵੀ ਟੈਲੀਕਾਸਟ ਹੋਏ। ਅਜੇ ਪਿਛਲੇ ਦਿਨੀਂ



www.AKJ.Org

'ਨਿਊਯਾਰਕ ਟਾਈਮਜ਼' ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਾ ਬਿਆਨ ਛਪਿਆ। ਖਲੀਜੀ ਅਖਬਾਰਾਂ 'ਚ ਸੰਤ ਲੌਂਗੋਵਾਲ ਦਾ ਇੰਟਰਵਿਊ ਛਪਿਆ। ਖਲੀਜੀ ਅਖਬਾਰਾਂ ਦੇ ਮਾਲਕ ਮੁਸਲਮਾਨ ਹਨ ਅਤੇ ਆਸਾਮ ਦੀਆਂ ਘਟਨਾਵਾਂ ਨੂੰ ਇਹਨਾਂ ਦੇਸ਼ਾਂ ਵਿਚ ਜਿਸ ਢੰਗ ਨਾਲ ਲਿਆ ਗਿਆ, ਇਸ ਵਿਚ ਭਾਰਤ ਦੀ ਬਦਨਾਮੀ ਹੋਈ ਤੇ ਮੁਸਲਮ ਦੇਸ਼ਾਂ ਵਿਚ ਇਹ ਸਮਝਿਆ ਗਿਆ ਕਿ ਆਸਾਮ ਵਿਚ ਮੁਸਲਮਾਨਾਂ ਦਾ ਕਤਲਾਮ ਹੋ ਰਿਹਾ ਹੈ। ਇਹ ਪ੍ਰਚਾਰ ਇਸ ਹੱਦ ਤਕ ਫੈਲਿਆ ਕਿ ਪ੍ਰਧਾਨ ਮੰਤਰੀ ਨੂੰ ੨੯ ਮੁਸਲਮ ਦੇਸ਼ਾਂ ਦੇ ਸਰਬਰਾਹਾਂ ਨੂੰ ਪੱਤਰ ਲਿਖ ਕੇ ਇਸ ਦੀ ਸਪਸ਼ਟਤਾ ਕਰਾਣੀ ਪਈ। ਕੁਦਰਤੀ ਗੱਲ ਹੈ ਕਿ ਪੰਜਾਬ ਵਿਚ ਸਿਖ ਤੇ ਆਸਾਮ ਵਿਚ ਮੁਸਲਮਾਨ (ਜ਼ਿਆਦਾ ਤਰ) ਭਾਰਤ ਸਰਕਾਰ ਦੀ ਗਲਤ ਨੀਤੀ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਹੁਣ ਵਿਦੇਸ਼ੀ ਅਖਬਾਰ ਪ੍ਰਧਾਨ ਮੰਤਰੀ ਪਾਸੋਂ ਸਿਖਾਂ ਸਬੰਧੀ ਵੀ ਬਹੁਤ ਸਪਸ਼ਟ ਸ਼ਬਦਾਂ ਵਿਚ ਪੁਛਣ ਲਗੇ ਹਨ। ਮਿਸਰ ਦੇ ਪ੍ਰਸਿਧ ਅਖਬਾਰ ਅਲ-ਇਹਰਾਮ ਵਿਚ ਇੰਦਰਾ ਗਾਂਧੀ ਦਾ ਇਕ ਇੰਟਰਵਿਊ ਛਪਿਆ ਹੈ ਜਿਸ ਵਿਚ ਪ੍ਰਧਾਨ ਮੰਤਰੀ ਪਾਸੋਂ ਜ਼ਿਆਦਾ ਸਵਾਲ ਮੁਸਲਮਾਨਾਂ ਤੇ ਸਿਖਾਂ ਬਾਰੇ ਹੀ ਕੀਤੇ ਗਏ ਹਨ।'ਅਲ-ਇਹਰਾਮ' ਦੇ ਐਡੀਟਰ ਨੇ ਸਿਖਾਂ ਦੀਆਂ ਮੰਗਾਂ ਤੇ ਉਹਨਾਂ ਦੇ ਸੰਘਰਸ਼ ਬਾਰੇ ਜੋ ਸੁਆਲ ਕੀਤੇ, ਉਸ ਤੋਂ ਪ੍ਰਗਟ ਹੈ ਕਿ ਉਹ ਕਾਫ਼ੀ ਹੱਦ ਤਕ ਜਾਗ੍ਰਿਤ ਹੈ। ਉਸ ਨੇ ਇਹ ਸੁਆਲ ਕੀਤਾ ਕਿ ਸਿਖਾਂ ਨੂੰ ਸੰਘਰਸ਼ ਕਰਨ ਦੀ ਲੋੜ ਕਿਉਂ ਪਈ? ਤਾਂ ਪ੍ਰਧਾਨ ਮੰਤਰੀ ਨੇ ਇਸ ਦੇ ਉਤਰ ਵਿਚ ਕਿਹਾ ਕਿ ਸਿਖਾਂ ਦੀਆਂ ਧਾਰਮਿਕ ਮੰਗਾਂ ਮੰਨੀਆਂ ਜਾ ਚੁਕੀਆਂ ਹਨ। ਬਾਕੀ ਰਾਜਸੀ ਮੰਗਾਂ ਹਨ ਤੇ ਇਹ ਇਕ ਰਾਜਸੀ ਪਾਰਟੀ ਅਕਾਲੀ ਦਲ ਵਲੋਂ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਸਿਖ ਮੰਗਾਂ ਨਹੀਂ ਕਿਹਾ ਜਾ ਸਕਦਾ। ਅਕਾਲੀ ਪਾਰਟੀ ਨੂੰ ਚੋਣਾਂ ਵਿਚ ਹਾਰ ਹੋਈ ਸੀ ਤੇ ਅਕਾਲੀ ਅੰਦੋਲਨ ਉਸ ਹਾਰ ਦਾ ਹੀ ਸਿਟਾ ਹੈ। ਹੈਰਾਨੀ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੂੰ ਅਜ ਤਕ ਇਸ ਗੱਲ ਦਾ ਪਤਾ ਨਹੀਂ ਲਗਾ ਕਿ ਅਕਾਲੀ ਦਲ ਜੋ ਮੰਗਾਂ ਕਰ ਰਿਹਾ ਹੈ ਉਹ ਕੇਵਲ ਦਲ ਦੀਆਂ ਹੀ ਸਿਆਸੀ ਮੰਗਾਂ ਨਹੀਂ ਹਨ। ਕੀ ਇਹ ਮੰਗ ਕਿ ਪੰਜਾਬ ਦੇ ਪਾਣੀ ਦੀ ਵੰਡ ਵਿਚ ਪੰਜਾਬ ਦਾ ਹਿਸਾ ਮਿਲੇ, ਅਕਾਲੀ ਦਲ ਨੂੰ ਹੀ ਸਹਾਇਤਾ ਪੁਚਾਂਦੀ ਹੈ? ਕੀ ਪਾਣੀ ਕੇਵਲ ਅਕਾਲੀਆਂ ਦੇ ਖੇਤਾਂ ਨੂੰ ਹੀ ਲਗੇਗਾ? ਕੀ ਉਹ ਗ਼ੈਰ-ਅਕਾਲੀਆਂ ਦੇ ਖੇਤਾਂ ਵਲ ਜਾਣ ਤੋਂ ਨਾਂਹ ਕਰ ਦਏਗਾ? ਅਕਾਲੀ ਦਲ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਮੰਗ ਕਰਦਾ ਹੈ—ਕੀ ਇਸ ਲਈ ਕਿ ਉਥੇ ਕੇਵਲ ਅਕਾਲੀ ਹੀ ਵਸਣਗੇ? ਕੀ ਕੋਈ ਦਿਮਾਗ ਇਸ ਗੱਲ ਨੂੰ ਮੰਨ ਸਕਦਾ ਹੈ? ਇਹ ਮੰਗਾਂ ਤਾਂ ਸਾਰੇ ਪੰਜਾਬੀਆਂ ਲਈ ਹਨ ਤੇ ਉਹ ਪੰਜਾਬ ਵਲੋਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਜੋ ਸਾਰੇ ਦੇਸ਼ ਦਾ ਢਿਡ ਭਰਦਾ ਹੈ। ਪੰਜਾਬ ਦੀ ਕਿਸੇ ਹੋਰ ਪਾਰਟੀ ਨੂੰ ਜੁਅਰਤ ਨਹੀਂ ਹੋ ਸਕੀ ਕਿ ਉਹ ਪੰਜਾਬ ਨਾਲ ਇਨਸਾਫ਼ ਕਰਾਉਣ ਲਈ ਜਦੋ-ਜਹਿਦ ਕਰੇ। ਇਹ ਤੌਫ਼ੀਕ ਵਾਹਿਗੁਰੂ ਨੇ ਕੇਵਲ ਅਕਾਲੀ ਪਾਰਟੀ ਨੂੰ ਹੀ ਦਿਤੀ ਕਿ ਉਹ ਜਦੋ-ਜਹਿਦ ਕਰ ਰਹੀ ਹੈ। ਕੀ ਅਕਾਲੀ ਪਾਰਟੀ ਵਲੋਂ ਮੰਗਾਂ ਕਰਨ ਨਾਲ ਵੀ ਕੇਵਲ ਇਕ ਪਾਰਟੀ ਦੀਆਂ ਮੰਗਾਂ ਬਣ ਜਾਂਦੀਆਂ ਹਨ? ਕਾਂਗਰਸ ਨਹੀਂ ਚਾਹੁੰਦੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ, ਪਾਣੀ ਦੀ ਵੰਡ ਵਿਚ ਉਸ ਨਾਲ ਇਨਸਾਫ਼ ਹੋਵੇ। ਕੀ ਪੰਜਾਬ ਦੀਆਂ ਦੂਜੀਆਂ ਪਾਰਟੀਆਂ ਇਸ ਤਰ੍ਹਾਂ ਦੀ ਮੰਗ ਨਹੀਂ ਕਰਦੀਆਂ? ਜੇ ਉਹ ਅਸੂਲੀ ਤੌਰ ਤੇ ਇਸ ਮੰਗ ਨਾਲ ਸਹਿਮਤ ਹਨ ਤਾਂ ਫਿਰ ਅਜਿਹੀ ਕਿਹੜੀ ਗੱਲ ਹੈ ਕਿ ਇਹਨਾਂ ਨੂੰ ਕੇਵਲ ਰਾਜਸੀ ਮੰਗਾਂ ਹੀ ਕਰਾਰ ਦਿਤਾ ਜਾ ਰਿਹਾ ਹੈ? ਜੇ ਇਹ ਮੰਗਾਂ ਅਕਾਲੀ ਪਾਰਟੀ ਵਲੋਂ ਹੀ ਕੀਤੀਆਂ ਜਾ ਰਹੀਆਂ ਹਨ ਤਾਂ ਇਸ ਵਿਚ ਕਿਹੜੀ ਭੈੜੀ ਗੱਲ ਹੈ। 'ਅਲ-ਇਹਰਾਮ' ਨੇ ਇੰਦਰਾ ਗਾਂਧੀ ਪਾਸੋਂ ਪੁਛਿਆ ਕਿ ਪੰਜਾਬ ਵਿਚ ਹਿੰਸਕ ਘਟਨਾਵਾਂ ਹੋ ਰਹੀਆਂ ਹਨ? ਅਕਾਲੀ ਦਲ ਦਾ ਮੋਰਚਾ ਸ਼ਾਂਤੀ ਪੂਰਵਕ ਹੈ? ਕੀ ਇਸ ਦਾ ਮਤਲਬ ਇਹ ਲਿਆ ਜਾਏ ਕਿ ਇਹ ਲੋਕ ਜਿਸ ਨਿਸ਼ਾਨੇ ਨੂੰ ਸ਼ਾਂਤੀ ਪੂਰਵਕ ਪ੍ਰਾਪਤ ਨਹੀਂ ਕਰ ਸਕਦੇ, ਉਸ ਲਈ ਹੁਣ ਤਸ਼ੱਦਦ ਕਰ ਰਹੇ ਹਨ? ਪ੍ਰਧਾਨ ਮੰਤਰੀ ਨੇ ਇਸ ਦੇ*


www.AKJ.Org

# "ਕਉ ਨ ਵਡਾ ਮਾਇਆ ਵਡਿਆਈ"

[ਵਲੋਂ ਬੀਬੀ ਅਵਿੰਦਰ ਕੌਰ ਗਿਆਨੀ ਟੀਚਰ, ਸ੍ਰੀ ਅੰਮ੍ਰਿਤਸਰ]

ਇਸ ਦਿਸਦੇ-ਵੱਸਦੇ ਨਾਸ਼ਵਾਨ ਸੰਸਾਰ ਵਿੱਚ ਇਹ ਬੇਸਮਝ ਜਿੰਦ ਲੋਚਦੀ ਹੈ, ਦੁਨੀਆਵੀ-ਸੁਖ-ਆਰਾਮ, ਧੰਨ-ਦੌਲਤ, ਸੁੰਦਰ ਇਸਤ੍ਰੀ, ਮਾਣ-ਵਡੱਤਣ ਤੇ ਹੋਰ ਅਨੇਕਾਂ ਐਸ਼ੋਇਸ਼ਰਤ ਦੇ ਸਾਜ਼ੋ ਸਮਾਨ। ਤੇ ਜਦੋਂ ਇਹ ਕੁਝ ਪ੍ਰਾਪਤ ਹੋ ਜਾਂਦਾ ਹੈ ਤਾਂ ਇਹ ਨਿੱਕੀ ਜਿੰਦੜੀ ਮਹਿਸੂਸ ਕਰਦੀ ਹੈ ਕਿ ਮੈਂ ਬਹੁਤ 'ਵਡਭਾਗੀ' ਹਾਂ ਜੋ ਪ੍ਰਮੇਸ਼ਰ ਨੇ ਮਿਹਰ ਕਰਕੇ ਦੁਨਿਆਵੀ ਸੁਖ-ਮਾਣਨ ਦੀਆਂ ਦਾਤਾਂ ਬਖ਼ਸ਼ੀਆਂ ਨੇ! ਪ੍ਰੰਤੂ ਪਰਮ ਪਾਵਨ, ਜੁਗੋ ਜੁਗ ਅਟੱਲ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਪਵਿੱਤਰ ਫੁਰਮਾਨ ਸਾਡੇ ਪ੍ਰਤੀ ਕਰ ਰਹੇ ਨੇ :—

"ਕਉ ਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥"

ਗਉੜੀ ਮ: ੫ —੧੮੮

ਸਤਿਗੁਰੂ ਜੀ ਪ੍ਰਾਣੀ ਨੂੰ ਸੋਝੀ ਦੇਂਦੇ ਹਨ ਕਿ ਮਾਇਆ ਦੀ ਵਡਿਆਈ ਨਾਲ ਕੋਈ ਨਹੀਂ ਵੱਡਾ ਹੁੰਦਾ, ਸਗੋਂ ਉਹ ਗੁਰੂ-ਪਿਆਰਾ ਵੱਡਾ ਹੈ ਜਿਸ ਨੇ ਵਾਹਿਗੁਰੂ ਵਿਚ ਲਿਵ ਲਾਈ ਹੈ। ਜਿਹੜੇ ਉਸ ਨਾਲ ਲਿਵ ਜੋੜ ਕੇ ਉਸਦੇ ਵਿੱਚ ਹੀ ਸਮਾਏ ਰਹਿੰਦੇ ਨੇ, ਐਸੇ ਨੇ ਵੱਡੇ ਇਸ ਦੁਨੀਆ ਵਿਚ। ਪਰੰਤੂ ਐਸੇ ਜਨ :—

"ਹੈਨਿ ਵਿਰਲੇ ਨਾਹੀ ਘਣੇ, ਫੈਲਿ ਫਕੜੁ ਸੰਸਾਰੁ ॥੧੨॥ —ਸਲੋਕ ਮ: ੧ —੧੪੧੧

ਵਡਭਾਗੀ ਨੇ ਉਹ ਰੂਹਾਂ, ਤੇ ਪੂਜਣਯੋਗ ਨੇ ਉਹ ਜਨ, ਜੋ ਇਕਸਾਰ ਸੱਚੇ ਰੰਗ ਵਿਚ ਰੰਗੀਜੇ ਰਹਿੰਦੇ ਨੇ। ਖਿਨ-ਖਿਨ ਨਾਮ ਨੂੰ ਚੇਤੇ ਕਰਦੇ ਹੋਏ, ਅੱਠੋ ਪਹਿਰ ਨਾਮ ਵਿੱਚ ਰੱਤੇ ਹੋਏ, ਹੋਰਨਾਂ ਲਈ ਚਾਨਣ-ਮੁਨਾਰਾ ਬਣ ਰਹੇ ਨੇ। ਇਹ ਨਾਮ ਤੋਂ ਸਖਣੀ ਨਿੱਕੀ ਜਿਹੀ ਜਿੰਦ ਹਰਿ-ਜਨਾਂ ਦੇ ਦਰਸ਼ਨਾਂ ਤੋਂ ਵਾਂਝੀ,ਤੇ ਦੁਨੀਆਦਾਰੀ ਦੇ ਬੰਧਨਾਂ ਵਿੱਚ ਬੁਰੀ ਤਰ੍ਹਾਂ ਜਕੜੀ ਹੋਈ 'ਵਡਭਾਗੀ'ਦਾ ਅਰਥ ਨਾ ਸਮਝ ਸਕੀ ਤੇ ਇਸ ਨਾਮ ਤੋਂ ਘੁੱਥੀ ਹੋਈ ਦਾ ਜ਼ੀਵਨ ਦੁੱਖਾਂ ਦਾ ਘਾਣ ਬਣ ਕੇ ਹੀ ਰਹਿ ਜਾਂਦਾ ਹੈ।

ਨਾਮ-ਰੰਗ-ਰਤੀਆਂ ਜਿੰਦੜੀਆਂ ਨੂੰ ਇਕੋ ਹੀ ਪ੍ਰਭੂ-ਚਰਨਾਂ ਵਿਚ ਜੁੜੇ ਰਹਿਣ ਦੀ ਸਿਕ ਹੀ ਹੁੰਦੀ ਹੈ। ਉਨ੍ਹਾਂ ਨੂੰ ਦੁਨਿਆਵੀ ਪਦਾਰਥਾਂ ਦੀ ਰਤਾ ਜਿੰਨੀ ਵੀ ਤ੍ਰਿਸ਼ਨਾ ਨਹੀਂ ਹੁੰਦੀ ਅਤੇ ਉਹ ਇਉਂ ਗਾਂਦੇ ਰਹਿੰਦੇ ਹਨ—

—ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ ॥ (੫੩੪)

ਅਤੇ ਓਹਾ ਪ੍ਰੇਮ ਪਿਰੀ ॥੧॥ਰਹਾਉ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥

[ਬਾਕੀ ਵੇਖੋ ਸਫਾ ੪੧ ਦੇ ਹੇਠ]

---

*ਉਤਰ ਵਿਚ ਕਿਹਾ ਕਿ ਸੁਆਲ ਨਿਸ਼ਾਨੇ ਦਾ ਹੈ। ਪ੍ਰਧਾਨ ਮੰਤਰੀ ਨੂੰ ਮੰਨਣਾ ਪਿਆ ਕਿ ਸਿੱਖ ਖਾਲਿਸਤਾਨ ਨਹੀਂ ਚਾਹੁੰਦੇ। ਕੁਝ ਮੁਠੀ ਭਰ ਅਤਿਵਾਦੀ ਖਾਲਿਸਤਾਨ ਦਾ ਪ੍ਰਚਾਰ ਕਰਦੇ ਹਨ, ਪਰ ਇਹਨਾਂ ਵਿਚੋਂ ਵੀ ਬਹੁਤੇ ਬਿਦੇਸ਼ਾਂ ਵਿਚ ਰਹਿੰਦੇ ਹਨ ਤੇ ਉਹਨਾਂ ਨੂੰ ਕੋਈ ਨਹੀਂ ਜਾਣਦਾ।—ਇਹ ਚੰਗਾ ਹੋਇਆ ਕਿ ਪ੍ਰਧਾਨ ਮੰਤਰੀ ਨੇ ਗੱਲ ਸਿਧੀ ਕਰ ਦਿਤੀ ਅਤੇ ਕਹਿ ਦਿਤਾ ਕਿ ਸਿਖ ਖਾਲਿਸਤਾਨ ਨਹੀਂ ਚਾਹੁੰਦੇ। ਸਿੱਖ ਵੀ ਕਹਿੰਦੇ ਹਨ ਕਿ ਉਹ ਖਾਲਿਸਤਾਨ ਨਹੀਂ ਚਾਹੁੰਦੇ। ਪ੍ਰਧਾਨ ਮੰਤਰੀ ਵੀ ਮੰਨਦੇ ਹਨ ਕਿ ਸਿਖ ਇਸ ਤਰ੍ਹਾਂ ਦੀ ਮੰਗ ਨਹੀਂ ਕਰਦੇ ਤਾਂ ਫਿਰ ਬਾਕੀ ਕਿਹੜੀ ਗੱਲ ਹੈ ਜਿਸ ਬਾਰੇ ਸਮਝੌਤਾ ਨਹੀਂ ਹੋ ਸਕਦਾ। ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਸਿਖ ਸਾਰੇ ਭਾਰਤ ਵਿਚ ਫੈਲੇ ਹੋਏ ਹਨ ਅਤੇ ਚੰਗੇ ਅਹੁਦਿਆਂ ਤੇ ਕੰਮ ਕਰ ਰਹੇ ਹਨ। ਪ੍ਰਧਾਨ ਮੰਤਰੀ ਨੇ ਸਾਬਤ ਕੀਤਾ ਕਿ ਸਿਖਾਂ ਨੂੰ ਕੋਈ ਮੁਸ਼ਕਲ ਨਹੀਂ। ਪਰ ਪ੍ਰਧਾਨ ਮੰਤਰੀ ਇਸ ਗਲ ਨੂੰ ਹੁਣ ਅਖੋਂ ਉਹਲੇ ਨਹੀਂ ਕਰ ਸਕਦੇ ਕਿ ਅਕਾਲੀ ਅੰਦੋਲਨ ਵਿਸ਼ਵ ਦਾ ਧਿਆਨ ਖਿਚ ਰਿਹਾ ਹੈ। —ਅਜੀਤ, ੯-੫-੮੩


www.AKJ.Org

# "ਗੁਰੁ ਕਹੈ ਸੁ ਕਾਰ ਕਮਾਇ ਜੀਉ"

[ਵਲੋਂ—ਸ: ਚੰਚਲ ਸਿੰਘ ਜੀ, ਗੁਰੂ ਨਾਨਕ ਚੌਕ, ਨਾਗਪੁਰ]

ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਅਖਵਾਉਂਦੇ ਹਾਂ ਅਤੇ ਬੜੇ ਫ਼ਖ਼ਰ ਨਾਲ ਕਹਿੰਦੇ ਹਾਂ ਕਿ ਅਸੀਂ ਸਿਖ ਹਾਂ। ਜੇਕਰ ਅਸੀਂ ਸੱਚੇ ਸਿਖ ਹਾਂ, ਤਾਂ ਮਹਾਰਾਜ ਦੀ ਸਿਖਿਆ ਉਤੇ ਚਲਣਾ ਸਾਡਾ ਪਰਮ ਧਰਮ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਬੜੀ ਸਰਲ ਹੈ—ਸੁਚੀ ਕਿਰਤ ਕਰਨੀ, ਵੰਡ ਕੇ ਛਕਣਾ, ਤੇ ਨਾਮ ਜਪਣਾ। ਇਹ ਸਿਖੀ ਦੇ ਤਿੰਨ ਵੱਡੇ ਅਸੂਲ ਹਨ। ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਸੁੱਚੀ ਕਿਰਤ ਕਰਨੀ ਤੇ ਫਿਰ ਵੰਡ ਛਕਣਾ ਨਾਮ ਜਪਣ ਵਾਲੇ ਦੇ ਸੁਭਾਅ ਵਿਚ ਆਪਣੇ ਆਪ ਸ਼ਾਮਲ ਹੋ ਜਾਂਦੇ ਹਨ। ਕਿਰਤ ਤਾਂ ਅਸੀਂ ਸਾਰੇ ਹੀ ਕਰਦੇ ਹਾਂ,ਪਰ ਜਦ ਤਕ ਸਾਡੀ ਕਿਰਤ ਸੁੱਚੀ ਨਹੀਂ ਹੈ,ਮਨ ਸੁੱਚਾ ਨਹੀਂ ਹੋਣਾ। ਤੇ ਜਦ ਤਕ ਮਨ ਸੁੱਚਾ ਨਹੀਂ ਹੁੰਦਾ, ਦਸਵੰਧ ਕਢਣਾ ਜਾਂ ਵੰਡ ਕੇ ਛਕਣਾ ਨਹੀਂ ਹੋਣਾ। ਅਤੇ ਜਦ ਤਕ ਦਸਵੰਧ ਕੱਢਣ ਦੇ ਰਾਹ ਉਤੇ ਅਸੀਂ ਨਹੀਂ ਚਲਦੇ ਤੇ ਗੁਰੂ ਦਾ ਹੁਕਮ ਨਹੀਂ ਮੰਨਦੇ, ਸਾਡੇ ਉਤੇ ਗੁਰੂ ਦੀ ਬਖਸ਼ਸ਼ ਨਹੀਂ ਹੋ ਸਕਦੀ।

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥੩॥ ਸੂਹੀ ਮ: ੫ —੭੬੩

ਪੰਜਾਹ ਸਾਲ ਤਕ ਮੈਨੂੰ ਇਨ੍ਹਾਂ ਅਸੂਲਾਂ ਦੀ ਹੋਸ਼ ਨਾ ਆਈ, ਪਰ ਜਦ ਗੁਰੂ ਸਾਹਿਬ ਨੇ ਮਿਹਰ ਕੀਤੀ, ਫਿਰ ਸੁੱਚੀ ਕਿਰਤ ਅਤੇ ਵੰਡ ਛਕਣ ਦੀ ਮਹਾਨਤਾ ਦੀ ਕੁਝ ਸੋਝੀ ਪਈ। ਵੈਸੇ ਇਹ ਕੰਮ ਬਹੁਤ ਔਖਾ ਹੈ; ਪਰ ਗੁਰੂ ਦਾ ਹੁਕਮ ਮੰਨ ਲਈਏ ਤੇ ਫਿਰ ਇਸ ਤੇ ਤੁਰਨ ਦੀ ਕੋਸ਼ਸ਼ ਕਰੀਏ ਤਾਂ ਸਫਲਤਾ ਮਿਲਦੀ ਜਾਂਦੀ ਹੈ। ਇਕ ਕਦਮ ਅਸੀਂ ਵਧਾਂਦੇ ਹਾਂ, ਸਤਿਗੁਰੂ ਕ੍ਰੋੜਾਂ ਕਦਮ ਅਗੇ ਵਧ ਕੇ ਮਦਦ ਕਰਦਾ ਹੈ। ਅਸੀਂ ਕਹਿੰਦੇ ਹਾਂ ਕਿ ਸਾਡਾ ਮਨ ਨਹੀਂ ਜੁੜਦਾ, ਭਟਕਦਾ ਹੈ। ਝੂਠ ਬੋਲਣ ਨੂੰ ਲੁਟਣ ਨੂੰ ਮਨ ਕਰਦਾ ਹੈ। ਮਨ ਵਿਚ ਭੈੜੇ ਭੈੜੇ ਫੁਰਨੇ ਫੁਰਦੇ ਹਨ, ਸਿਮਰਨ ਨਹੀਂ ਕਰਨ ਹੁੰਦਾ।

ਮਨ ਦਾ ਤਾਂ ਕੰਮ ਹੀ ਫੁਰਨੇ ਫੁਰਨਾ ਹੈ। ਮਨ ਨੇ ਤਾਂ ਹਮੇਸ਼ਾ ਹੀ ਮਾੜੇ ਪਾਸੇ ਜਾਣਾ ਹੈ। ਮਨ ਨਿੰਦਿਆ ਬਖੀਲੀ ਵਲ ਜਾਂਦਾ ਹੈ; ਦੂਜਿਆਂ ਨੂੰ ਦੁਖੀ ਕਰ ਕੇ, ਪਰਾਇਆ ਮਾਲ ਹੜੱਪ ਕਰਨ ਦੀਆਂ ਵਿਉਂਤਾਂ ਬਣਾਂਦਾ ਹੈ! ਜਦ ਤਕ ਅਸੀਂ ਮਨ ਨਾਲ ਲੜਾਈ ਨਹੀਂ ਕਰਦੇ, ਇਹ ਕਾਬੂ ਨਹੀਂ ਆਉਂਦਾ। ਜਦ ਤਕ ਅਸੀਂ ਡਟ ਨਹੀਂ ਜਾਂਦੇ, ਇਹ ਨਹੀਂ ਹਾਰਦਾ। ਗੁਰੂ ਦੀ ਸਿਖਿਆ ਅਨੁਸਾਰ, ਵਾਹਿਗੁਰੂ ਜੀ ਦਾ ਜਾਪ ਸੁਧ ਹਿਰਦੇ ਨਾਲ ਕਰ ਕੇ ਇਸ ਨੂੰ ਬੰਨ੍ਹਣਾ ਹੈ। ਇਹ ਜਿਉਂ ਜਿਉਂ ਸਿਮਰਨ ਅੰਦਰ ਵਸਦਾ ਜਾਵੇਗਾ' ਮਾੜੇ ਖ਼ਿਆਲ ਅੰਦਰੋਂ ਨਸਦੇ ਜਾਣਗੇ।

ਜਦ ਅਸੀਂ ਆਪਣੀ ਮਤ ਛਡ ਦੇਵਾਂਗੇ ਤੇ ਗੁਰੂ ਦੀ ਮਤ ਧਾਰਨ ਕਰ ਲਵਾਂਗੇ ਤਾਂ ਫਿਰ ਗੁਰੂ ਆਪੇ ਚੰਗੇ ਪਾਸੇ ਲਾਵੇਗਾ ਤੇ ਅਸੀਂ ਇਹ ਅਨੁਭਵ ਕਰਾਂਗੇ ਕਿ ਸਾਡੇ ਤੇ ਬਖਸ਼ਸ਼ ਹੋ ਰਹੀ ਹੈ। ਸੋਝੀ ਉਪਰੰਤ ਚੰਗੇ ਪਾਸੇ ਚੱਲਣ ਦਾ ਲਗਾਤਾਰ ਉਦਮ ਕਰਨਾ ਸਾਡਾ ਧਰਮ ਹੈ। ਫਿਰ ਜੀਵਨ ਬੜਾ ਮਿੱਠਾ ਤੇ ਸੁਆਦਲਾ ਬਣਦਾ ਜਾਏਗਾ ਤੇ ਮਨ ਇਸ ਮਾਰਗ ਤੇ ਤੁਰਨ ਲਈ ਉਤਾਵਲਾ ਹੀ ਰਹੇਗਾ।

'ਧਰਕੋਨੇ' ਅੰਗੂਰਾਂ ਵਰਗੇ ਹੀ ਦਿਸਣ ਵਿਚ ਭਾਸਦੇ ਹਨ, ਪਰ ਸੋਝੀਵਾਨ ਪੁਰਸ਼ ਉਨ੍ਹਾਂ ਵੱਲ ਤਕਦੇ ਹੀ ਨਹੀਂ। ਕਿਉਂ? ਇਸ ਕਰਕੇ ਕਿ ਉਹ ਕੌੜੇ ਤੇ ਬੇਸੁਆਦੇ ਹੁੰਦੇ ਹਨ। ਠੀਕ ਇਸੇ ਤਰ੍ਹਾਂ ਸੰਸਾਰ ਵਿਚ ਆਪਣਾ



www.AKJ.Org

ਜੀਵਨ ਮਿੱਠਾ ਮਿੱਠਾ ਤੇ ਸੁਆਦੀ ਅਥਵਾ ਇਸ ਦੇ ਉਲਟ ਭੈੜ-ਭਿਛੂਨਾ ਅੱਕ-ਧਰਕੋਨਿਆਂ ਵਾਂਗ ਕੁੜੱਤਣ ਵਾਲਾ ਬਨਾਣਾ ਸਾਡੇ ਆਪਣੇ ਹੱਥ ਵਿਚ ਹੈ। ਤਾਂ ਫਿਰ ਕਿਉਂ ਨਾ ਅਸੀਂ ਆਪਣਾ ਜੀਵਨ ਸੁਹਣਾ ਤੇ ਖੁਸ਼ਬੋਦਾਰ ਬਣਾਈਏ ? ਐਸੇ ਚੰਗੇ ਜੀਵਨ ਦਾ ਅਰੰਭ ਗੁਰਮੁਖਾਂ ਦੀ ਤੇ ਗੁਰਬਾਣੀ ਦੀ ਸੰਗਤ ਨਾਲ ਅਰੰਭ ਹੁੰਦਾ ਹੈ। ਕੀ ਸਾਨੂੰ ਪਤਾ ਹੈ ਕਿ ਚਮਤਕਾਰੀ ਜੀਵਨ ਦੀ ਨੀਂਹ ਕਿਵੇਂ ਬਝਦੀ ਏ ? ਐਸੇ ਚੁੰਬਕਮਈ ਜੀਵਨ ਦੀ ਨੀਂਹ 'ਵੰਡ ਛਕਣ ਅਰ ਪਵਿਤਰ ਦਸਵੰਧ ਦਾਨ' ਦੇਣ ਦੇ ਭਾਵ ਤੋਂ ਅਰੰਭ ਹੁੰਦੀ ਏ। ਸਾਡੇ ਪਾਸ ਜੋ ਕੁਝ ਵੀ ਹੈ, ਜਿਸ ਨਾਲ ਕਿਸੇ ਪ੍ਰਾਣੀ ਦਾ ਭਲਾ ਹੋ ਸਕਦਾ ਹੋਵੇ, ਉਸਨੂੰ ਖੁਲ੍ਹੇ-ਦਿਲ ਉਦਾਰਤਾ ਨਾਲ ਵੰਡੀਏ। ਗੁਰਸਿਖਾਂ ਨੂੰ ਤਾਂ ਦਸਵੰਧ ਕੱਢਣ ਲਈ ਗੁੜ੍ਹਤੀ ਸਤਿਗੁਰਾਂ ਬਖਸ਼ੀ ਹੈ। ਜਿੰਨਾ ਵਧੀਕ ਦਸਵੰਧ ਕੱਢਣ ਦੀ ਲੀਹੇ ਚਲਾਂਗੇ, ਉਨੀ ਵਧੀਕ ਅੰਤਰੀਵ ਪ੍ਰਸੰਨਤਾ ਤੇ ਸਥੂਲ ਪ੍ਰਫੁਲਤਾ ਦੀ ਫੁਹਾਰ ਅਰਸ਼ੀ ਦਰਬਾਰੋਂ ਵਰਸਣੀ ਅਰੰਭ ਹੋ ਜਾਏਗੀ।

ਜ਼ਿਮੀਦਾਰ ਖੇਤੀ ਵਿਚ ੧੦ ਮੁੱਠਾਂ ਦਾਣੇ ਬੀਜੇ ਤਾਂ ੧੦ ਟੋਕਰੇ ਭਰ ਲੈਂਦਾ ਹੈ; ੧੦ ਮਣ ਬੀਜੇ ਤਾਂ ੧੦੦ ਮਣ ਅਨਾਜ ਦੇ ਬੋਹਲ ਨਾਲ ਬੋਰੀਆਂ ਤੂੜ ਲੈਂਦਾ ਹੈ। ੧੦ ਗੱਡੇ ਬੀਜੇ ਤਾਂ ੧੦੦ ਕੋਠੀਆਂ ਅਨਾਜ ਨਾਲ ਭਰ ਲਏਗਾ। ਅਰਥਾਤ ਜਿਉਂ ਜਿਉਂ ਉਦਾਰ-ਚਿਤ ਹੋ, ਜ਼ਿਮੀਦਾਰ ਰੱਬ ਦੀ ਖੁਲ੍ਹੀ ਭੁਇ ਵਿਚ ਬੀਜ ਬੀਜਦਾ ਜਾਂਦਾ ਹੈ ਤਿਉਂ ਤਿਉਂ ਰੱਬੀ ਬਖਸ਼ਸ਼ਾਂ ਦੀ ਵਧੀਕ ਬਰਕਤ ਉਸਦੀ ਝੋਲੀ ਵਿਚ ਪੈਂਦੀ ਜਾਂਦੀ ਏ। ਇਹ ਬੁਨਿਆਦੀ ਕਾਨੂੰਨ ਹੈ, ਇਸ ਵਿਚ ਸਰ੍ਹੋਂ ਦੇ ਦਾਣੇ ਜਿੰਨੇ ਸ਼ੱਕ ਦੀ ਵੀ ਗੁੰਜਾਇਸ਼ ਨਹੀਂ।

ਜੀਵਨ ਰੂਪੀ ਫੁੱਲ ਉਦੋਂ ਹੀ ਪੂਰੀ ਤਰ੍ਹਾਂ ਸੋਹਣਾ ਅਤੇ ਪੂਰੇ ਜੋਬਨ ਵਿਚ ਖਿੜਦਾ ਹੈ, ਜਦ ਅਸੀਂ ਆਪਣਾ ਦਸਵੰਧ ਤੇ ਹੋਰ ਜੋ ਕੋਈ ਗੁਣ ਜਾਂ ਜੋ ਕੁਝ ਕੀਮਤੀ ਸੁਗਾਤ ਸਾਡੇ ਪਾਸ ਹੈ,ਉਸ ਨੂੰ ਹੋਰ ਭਰਾਵਾਂ ਵਿਚ ਪ੍ਰੇਮ ਨਾਲ ਵੰਡਣਾ ਸਿਖ ਲਾਂਗੇ ਅਤੇ ਇਸ ਦੇ ਨਾਲ ਹੀ ਨਾਮ-ਸਿਮਰਨ ਦੀ ਲੀਹੇ ਮਨ ਨੂੰ ਤੋਰਾਂਗੇ। ਸ਼ੱਕ, ਭਰਮ ਤੇ ਬੇਵਿਸ਼ਵਾਸੀ ਦੇ ਕੰਡੇ ਆਪਣੇ ਅੰਦਰ ਨਾ ਉੱਗਣ ਦੇਈਏ ਤੇ ਜਿਵੇਂ ਹੀ ਇਹ ਵਿਚਾਰ ਖੁੰਬਾਂ ਬਣ ਕੇ ਉਠਣ, ਸਿਰੀਆਂ ਫੇਹ ਸੁਟੀਏ ਇਨ੍ਹਾਂ ਦੀਆਂ, ਤੇ ਮਨ ਨੂੰ ਰੱਬੀ ਸ਼ੁਕਰ-ਗੁਜ਼ਾਰੀ ਵਿਚ ਰੰਗ ਦਈਏ।

ਨੇਤਰਾਂ ਦਾ ਮੁੱਲ ਨੇਤਰ-ਹੀਣਾਂ ਨੂੰ ਪੁਛੀਏ, ਲੱਤਾਂ ਦਾ ਮੁੱਲ ਲੂਲ੍ਹੇ ਲੰਗੜੇ ਨੂੰ ਪੁਛੀਏ, ਹੱਥਾਂ ਦਾ ਮੁੱਲ ਹੱਥ ਗਵਾ-ਚੁਕੇ ਬੰਦੇ ਨੂੰ ਪੁਛੀਏ ਤੇ ਫਿਰ ਤਕੀਏ ਕਿ ਅਸਾਡੀ ਇਹ ਦੇਹੀ, ਅਰੋਗ ਸਰੀਰ ਕਿੰਨਾ ਹੀ ਅਮੋਲਕ ਹੈ। ਇੰਨੀਆਂ ਰੱਬੀ ਬਖਸ਼ਸ਼ਾਂ ਪ੍ਰਾਪਤ ਕਰ ਕੇ ਵੀ ਜੋ ਮਨੁੱਖ ਨਾਸ਼ੁਕਰਾ ਬਣ ਬੈਠਦਾ ਏ, ਉਸ ਵਰਗਾ ਮੰਦ-ਭਾਗਾ ਦੁਨੀਆ ਵਿਚ ਕੋਈ ਨਹੀਂ। ਇਹ ਨਾ-ਸ਼ੁਕਰੇਪਣ ਦੀ ਭਾਵਨਾ ਕੁਚਲ ਛਡੀਏ ਤੇ ਵਾਹਿਗੁਰੂ ਜੀ ਦੀਆਂ ਜੋ ਬਖਸ਼ਸ਼ਾਂ ਸਾਨੂੰ ਪ੍ਰਾਪਤ ਹਨ ਉਨ੍ਹਾਂ ਲਈ ਸ਼ੁਕਰਾਨੇ ਵਿਚ ਭਿਜ ਕੇ ਲਗਾਤਾਰ ਦਸਵੰਧ ਕੱਢੀਏ ਤੇ ਨਾਮ ਜਪੀਏ। ਕੁਝ ਸਮਾਂ ਹੀ ਇਸ ਲੀਹੇ ਤੁਰਨ ਨਾਲ ਯਕੀਨਨ ਸਾਡਾ ਅੰਦਰਲਾ ਕਾਇਲ ਹੋ ਜਾਏਗਾ ਤੇ ਇਸ ਸੱਚੇ ਮਾਰਗ ਦਾ ਪੰਧਾਊ ਬਣ ਕੇ ਪੁਕਾਰ ਉਠੇਗਾ ਕਿ—

ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥ਰਹਾਉ॥
ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥
ਨਿਮਾਣਿਆ ਗੁਰੁ ਮਾਣੁ ਹੈ, ਗੁਰੁ ਸਤਿਗੁਰੁ ਕਰੇ ਸਾਬਾਸਿ ॥...... ਸਿਰੀ ਰਾਗੁ ਮ: ੪ —ਪੰਨਾ ੪੧

ਇਉਂ ਸੱਚੇ ਸਾਈਂ ਦੇ ਮਿਲਾਪ ਦੀ ਘੜੀ ਨੇੜੇ ਆ ਢੁਕੇਗੀ। ਹੇ ਮਨ ! ਆ ਤੁਰ ਪੈ ਇਸ ਸੁਹਣੇ ਮਾਰਗ ਤੇ ! ਇਸ ਪੰਧ ਤੇ ਤੁਰਿਆਂ ਤੈਂਡਾ ਅੰਦਰਲਾ ਆਪਾ ਖਿੜ ਵੈਸੀ !!

---

**ਛਪਣ ਵਾਲੇ ਪ੍ਰੋਗਰਾਮ ੨੦ ਤਰੀਕ ਪੁਜਣੇ ਜ਼ਰੂਰੀ ਹਨ।**

www.AKJ.Org

ਮਾਲਵੇ ਦੀ ਧਰਤੀ **ਧਰਤੀ ਅਮਰ ਸ਼ਹੀਦਾਂ ਦੀ**

ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਕ (ਗੁੜਗਾਉਂ)

ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।
ਤੇਰੇ ਹਰ ਜ਼ੱਰੇ ਤੇ ਲਿਖਿਆ ਕਲਗੀਧਰ ਦਾ ਨਾਮ।
ਗੂੰਜ ਰਿਹਾ ਹੈ ਹਰ ਕਿਣਕੇ ਵਿਚ ਦਿੱਤਾ ਜੋ ਪੈਗਾਮ।
ਸੋਹਣਾ ਤੇਰਾ ਸੋਨ-ਸਵੇਰਾ, ਰੰਗਲੀ ਤੇਰੀ ਸ਼ਾਮ।
ਹਰ ਡਾਲੀ ਹਰ ਪੱਤਾ ਤੈਨੂੰ, ਕਰਦਾ ਦਿਸੇ ਸਲਾਮ।
ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।੧।

ਆਇਆ ਸੀ ਸਰਬੰਸ ਵਾਰ ਦਸਮੇਸ਼ ਗੁਰੂ ਮਹਾਂ ਦਾਨੀ।
ਥਾਂ ਥਾਂ ਕਰਦਾ ਚੋਜ ਨਿਰਾਲੇ ਗੋਬਿੰਦ ਸਿੰਘ ਲਾਸਾਨੀ।
ਨੀਲੇ ਦੇ ਉਸ ਸ਼ਾਹ-ਸਵਾਰ ਦੀ, ਲਿੱਖਾਂ ਕਿਵੇਂ ਕਹਾਨੀ।
ਜਿਹਬਾ ਵਿਚ ਨਹੀਂ ਤਾਕਤ, ਉਸਤਤ ਲਿਖ ਸਕਦੀ ਨਹੀਂ ਕਾਨੀ।
ਭਰੇ ਪਏ ਇਤਿਹਾਸ-ਪੱਤਰੇ, ਜਾਣੇ ਖ਼ਾਸੋ-ਆਮ।
ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।੨।

ਚੁਕ ਚੁਕ ਤੇਰਾ ਜ਼ਰਾ ਜ਼ਰਾ, ਚੁੰਮ ਚੁੰਮ ਮਸਤਕ ਲਾਵਾਂ।
ਸਾਂਭੀ ਬੈਠੀ ਏਂ ਤੂੰ ਅਮਰ ਇਤਿਹਾਸ ਦੀਆਂ ਗਾਥਾਵਾਂ।
ਔਰੰਗੇ ਨੂੰ ਲਿਖੀਆਂ ਚਿਠੀਆਂ ਏਥੋਂ, ਵਾਰੀ ਜਾਵਾਂ।
ਕਿਵੇਂ ਸਰਾਪ 'ਕਪੂਰੇ' ਨੂੰ ਜੋ ਹੋਇਆ ਲਿੱਖ ਸੁਣਾਵਾਂ।
ਨਬੀ, ਗ਼ਨੀ ਖਾਂ ਪ੍ਰਾਪਤ ਕਰ ਗਏ ਆਲਾ ਉਚ ਮੁਕਾਮ।
ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।੩।

ਖਿਦਰਾਣੇ ਦੀ ਢਾਬ ਹਮੇਸ਼ਾ, ਦੇਂਦੀ ਰਹੂ ਗੁਆਹੀ।
ਜਿੱਥੇ ਵੀਰ ਯੋਧਿਆਂ ਜਾਨਾਂ ਵਾਰ ਸ਼ਹੀਦੀ ਪਾਈ।
ਜਿਥੋਂ ਦੀ ਹਰ ਮਾਤਾ 'ਭਾਗੋ', ਦਰਸ਼ਨ ਦੀ ਸ਼ੈਦਾਈ।
ਜਿੱਥੇ ਉਸ ਬਖਸ਼ਿੰਦ ਪਿਤਾ ਨੇ ਟੁੱਟੀ ਗੰਢ ਵਿਖਾਈ।
ਸੁਟਿਆ ਪਾੜ ਬਿਦਾਵਾ ਜਿੱਥੇ, ਬਣਿਆ ਸੁੰਦਰ ਧਾਮ।
ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।੪।

ਤੇਰੇ ਹਰ ਕਿਣਕੇ ਵਿਚ ਉਸ ਨੇ ਭਰੀ 'ਜਹੀ ਤਾਸੀਰ।
'ਇਬ੍ਰਾਹੀਮ' ਜਹੇ, ਆ ਬਣ ਗਏ ਸੇਵਕ ਤੁਰਕ ਫ਼ਕੀਰ।
ਸਾਹਿਤਕਾਰ, ਕਵੀਸ਼ਰ 'ਕੱਠੇ ਹੋਏ ਲੱਗੀ ਭੀੜ।
ਅੱਜ ਵੀ ਭਰਦਾ ਦਿਸੇ ਗੁਆਹੀ 'ਲਿਖਣਸਰ' ਦਾ ਨੀਰ।
ਘੜ ਘੜ ਕਲਮਾਂ ਸੁਕੀਆਂ ਜਿੱਥੇ ਹਰੀਆਂ ਹੋਈਆਂ ਤਮਾਮ।
ਧਰਤੀ ਅਮਰ ਸ਼ਹੀਦਾਂ ਦੀ ਤੈਨੂੰ ਲੱਖ ਵਾਰੀ ਪਰਨਾਮ।੫।

## ਭਾ: ਬਖਸ਼ੀਸ਼ ਸਿੰਘ ਤੇ ਸਾਥੀ ਅਦਾਲਤ ਵਲੋਂ ਬਾ-ਇਜ਼ਤ ਬਰੀ

ਕਪੂਰਥਲਾ, ੨੬ ਮਈ, ਐਡੀਸ਼ਨਲ ਸੈਸ਼ਨ ਜਜ ਸ: ਜੀ. ਐਸ. ਕਾਲਰਾ ਨੇ ਅਜ ਭਾਈ ਬਖ਼ਸ਼ੀਸ਼ ਸਿੰਘ, ਭਾਈ ਬਲਦੇਵ ਸਿੰਘ, ਭਾਈ ਪਿਆਰਾ ਸਿੰਘ ਅਤੇ ਭਾਈ ਹਰਬੰਸ ਸਿੰਘ ਨੂੰ ਬਰੀ ਕਰ ਦਿਤਾ। ਪੁਲਸ ਨੇ ਇਨ੍ਹਾਂ ਨੂੰ ਜੂਨ ੧੯੮੨ ਵਿਚ ਪਾਬੰਦੀ ਸ਼ੁਦਾ ਦਲ ਖਾਲਸਾ ਅਤੇ ਨੈਸ਼ਨਲ ਕੌਂਸਲ ਆਫ਼ ਖਾਲਸਤਾਨ ਦੀਆਂ ਸਰਗਰਮੀਆਂ ਨਾਲ ਸਬੰਧਤ ਹੋਣ ਦੇ ਦੋਸ਼ ਵਿਚ ਧਾਰਾ 124/13-ਏ ਅਧੀਨ ਗ੍ਰਿਫ਼ਤਾਰ ਕੀਤਾ ਸੀ। ਦਿਲਚਸਪ ਗੱਲ ਹੈ ਕਿ ਇਸਤਗਾਸਾ ਇਹ ਕਥਿਤ ਦੋਸ਼ ਸਾਬਤ ਕਰਨ ਲਈ ਅਦਾਲਤ ਚਿ ਇਕ ਵੀ ਗਵਾਹ ਪੇਸ਼ ਨਾ ਕਰ ਸਕਿਆ। ਇਸ ਤੇ ਮਾਨ ਯੋਗ ਜਜ ਨੇ ਉਕਤ ਚਾਰੇ ਵਿਅਕਤੀਆਂ ਨੂੰ ਅੱਜ ਬਾ-ਇਜ਼ਤ ਬਰੀ ਕਰ ਦਿਤਾ। ਅਜੀਤ, ੨੭-੫-੮੩

# ਮਰਜੀਵੜਿਆਂ ਦਾ ਕੈਂਪ

### ੬ ਤੋਂ ੯ ਜੂਨ ਅਨੰਦਪੁਰ ਸਾਹਿਬ ਲਗੇਗਾ

## ਸੰਤਾਂ ਦਾ ਬਿਆਨ

ਅੰਮ੍ਰਿਤਸਰ, ੨੬ ਮਈ—ਅਕਾਲੀ ਦਲ ਦੇ ਸਕੱਤਰ ਸ: ਗੁਰਚਰਨ ਸਿੰਘ ਨੇ ਇਕ ਬਿਆਨ ਵਿਚ ਦਸਿਆ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚਰਨ ਸਿੰਘ ਲੋਂਗੋਵਾਲ ਡਿਕਟੇਟਰ ਧਰਮ ਯੁਧ ਮੋਰਚਾ' ਨੇ ਅਨੰਦਪੁਰ ਸਾਹਿਬ ਵਿਖੇ, ਲਗਣ ਵਾਲੇ 'ਟਰੇਨਿੰਗ ਕੈਂਪ' ਦੀਆਂ ਤਰੀਕਾਂ ਬਦਲ ਦਿਤੀਆਂ ਹਨ। ਹੁਣ ਇਹ ਟਰੇਨਿੰਗ ਕੈਂਪ ੬ ਤੋਂ ੯ ਜੂਨ ਤਕ ਲਗੇਗਾ।

ਕੈਂਪ ਦੀਆਂ ਤਰੀਕਾਂ ਬਦਲਣ ਦੇ ਕਾਰਨ ਬਾਰੇ ਸ: ਗੁਰਚਰਨ ਸਿੰਘ ਨੇ ਦਸਿਆ ਕਿ ਬੇਮੌਸਮੀ ਬਾਰਸ਼ਾਂ ਕਾਰਨ ਕਿਸਾਨਾਂ ਦੀਆਂ ਕਣਕਾਂ ਨਹੀਂ ਨਿਕਲ ਸਕੀਆਂ ਅਤੇ ਅਕਾਲੀ ਵਰਕਰ ਵੇਹਲੇ ਨਹੀਂ ਸਨ। ਦੂਸਰਾ-ਜੰਮੂ


www.AKJ.Org

ਤੇਰੇ 'ਲਖੀ'-ਜੰਗਲ' ਵਿਚ ਅਜ ਵੀ ਮਿੱਠੀ ਸਦ ਸੁਣੀਏ।
ਪਾਣੀ ਘਾਹ ਦੇ ਵਰ ਦਾ ਸਦਕਾ ਸੋਨਾ ਪੈਦਾ ਥੀਵੇ।
ਲਾਲ, ਬਿਹਾਰੀ, ਅੱਡਾ ਸ਼ਾਇਰ ਮਜਲਸ ਲਗੀ ਦਿਸੀਵੇ।
ਉਹ ਕਲਾਮ ਕਵੀਆਂ ਦਾ ਕਿੱਦਾਂ ਅਖਰਾਂ ਵਿਚ ਲਿਖੀਵੇ।
'ਕੱਠੇ ਹੋਏ ਬਵੰਜਾ ਜਿੱਥੇ ਭਰ ਭਰ ਪੀਤੇ ਜਾਮ।
ਧਰਤੀ ਅਮਰ ਸ਼ਹੀਦਾਂ ਦੀ ਤੈਨੂੰ ਲੱਖ ਵਾਰੀ ਪਰਨਾਮ।੬।

ਭਾਗ ਸਵੱਲੇ ਹੋਏ ਜਦੋਂ, ਆ 'ਰਾਮੇ' ਡੇਰਾ ਲਾਇਆ।
ਡੱਲੇ ਦਾ ਅਭਿਮਾਨ ਤੋੜਿਆ, ਕੌਤਕ ਜਿਹਾ ਰਚਾਇਆ।
ਲਗੀਆਂ ਫੇਰ ਮਹਿਫਲਾਂ ਸਾਕੀ ਨੇ ਜਦ ਨਾਦ ਵਜਾਇਆ।
ਅੰਮ੍ਰਿਤ ਕੀਰਤਨ ਝੜੀਆਂ ਲਗੀਆਂ ਸੁਆਦ ਅਗੰਮੀ ਆਇਆ।
ਦੋ ਜਹਾਨ ਵਾਲੀ ਨੇ ਜਿੱਥੇ ਕੀਤਾ ਕੁਝ ਆਰਾਮ।
ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।੭।

ਇੱਥੇ ਹੀ ਦਾਤਾਰ ਪਿਤਾ ਨੇ, ਅਬਿਚਲ ਜੋਤ ਜਗਾਈ।
ਇੱਕੋ ਆਸਣ ਬੈਠ 'ਮਿੱਤਰ ਜੀ' ਰਬੀ ਬਾਣੀ ਗਾਈ।
ਗੁਰਬਾਣੀ ਵੀਚਾਰ ਦ੍ਰਿੜਾਵਣ ਲਈ ਟਕਸਾਲ ਚਲਾਈ।
ਅੱਜ ਵੀ ਉਹ ਅਸਥਾਨ ਦਮਦਮਾ ਦੇਂਦਾ ਪਿਆ ਗੁਆਹੀ।
ਜਿਸਦਾ ਨਾਮ 'ਗੁਰੂ ਕੀ ਕਾਂਸ਼ੀ' ਪੰਜਵਾਂ ਤਖ਼ਤ ਗੁਰਧਾਮ।
ਧਰਤੀ ਅਮਰ ਸ਼ਹੀਦਾਂ ਦੀ, ਤੈਨੂੰ ਲੱਖ ਵਾਰੀ ਪਰਨਾਮ।੮।

ਕਸ਼ਮੀਰ ਦੀਆਂ ਚੋਣਾਂ ਕਰਕੇ ਅਕਾਲੀ ਲੀਡਰ ਤੇ ਵਰਕਰ ਨੈਸ਼ਨਲ ਕਾਨਫਰੰਸ ਦੀ ਹਮਾਇਤ ਲਈ ਜੰਮੂ-ਕਸ਼ਮੀਰ ਜਾ ਰਹੇ ਹਨ। ਸ ਗੁਰਚਰਨ ਸਿੰਘ ਨੇ ਜ਼ਿਲਾ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਆਪਣੇ ਜ਼ਿਲੇ ਦੇ ਵਰਕਰਾਂ ਸਮੇਤ ਪੰਜ ਜੂਨ ਸ਼ਾਮ ਤਕ ਅਨੰਦਪੁਰ ਸਾਹਿਬ ਪੁਜ ਜਾਣ। —ਅਜੀਤ 27-5-83

## ਮੁਲਾਂਪੁਰ ਦਾਖਾ ਚਿ ਰੈਣ ਸਬਾਈ

ਗਿ: ਨਾਹਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥੇ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ ਮੰਡੀ ਮੁਲਾਂਪੁਰ ਦਾਖਾ ਵਿਖੇ ੨੫ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹੁਮ-ਹੁਮਾ ਕੇ ਦਰਸ਼ਨ ਬਖਸ਼ਣ। ਲੁਧਿਆਣਾ-ਮੋਗਾ ਜੀ. ਟੀ ਰੋਡ ਉਪਰ ਮੰਡੀ ਮੁਲਾਪੁਰ ਸਥਿਤ ਹੈ।

## ਗੋਨੇਆਨਾ ਮੰਡੀ ਵਿਖੇ ਰੈਣ ਸਬਾਈ

ਗੁਰਦਵਾਰਾ ਭਾਈ ਸੁਹੇਲ ਸਿੰਘ ਜੀ ਵਿਖੇ ੧੮ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਫ਼ੀਰੋਜ਼ਪੁਰ-ਬਠਿੰਡਾ ਲਾਈਨ ਤੇ ਹੈ।

---

[ਸਫਾ ੩੭ ਦੀ ਬਾਕੀ]

ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥
ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥ —ਆਸਾ ਮ: ੫, ਪੰਨਾ ੪੦੬-੦੭

ਅਜਿਹੇ ਪ੍ਰਭੂ-ਪ੍ਰੇਮ ਵਿਚ ਪਰੋਤੇ ਹੋਏ ਗੁਰਮੁਖ ਜਨਾਂ ਦੇ ਨੇੜੇ ਧਰਮਰਾਜ ਵੀ ਨਹੀਂ ਢੁਕਦਾ, ਸਗੋਂ ਉਹ ਸਦਾ ਉਨ੍ਹਾਂ ਦੀ ਸੇਵਾ ਕਰਨ ਲਈ ਤਤਪਰ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ—

ਤਿਨ ਕੀ ਸੇਵਾ ਧਰਮਰਾਇ ਕਰੈ, ਧੰਨ ਸਵਾਰਣਹਾਰੁ ॥੨॥ ਪੰਨਾ ੩੯

ਐਸੇ ਗੁਰਮੁਖ ਪਿਆਰੇ ਦੁਨਿਆਵੀ ਬੰਧਨਾਂ ਵਿਚ ਨਾ ਫਸਦੇ ਹੋਏ ਅਸਲੇ ਨਾਲ ਜੁੜੇ ਰਹਿੰਦੇ ਨੇ। ਤਾਂ ਤੇ ਐਸੇ ਜਨ ਵਡਭਾਗੇ ਅਖਵਾਣ ਦੇ ਹੱਕਦਾਰ ਨੇ। ਉਹ ਰਤਨ ਨਾਮ ਦਾ ਵਾਪਾਰ ਕਰਦੇ, ਸੰਗਤ ਵਿਚ ਵਿਚਰਦੇ, ਗੁਰੂ-ਗੁਰੂ ਦਾ ਅਲਾਪ ਕਰਦੇ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਕਰ ਰਹੇ ਨੇ। ਐਸੇ ਗੁਰਮੁਖਾਂ ਦੀ ਛੁਹ ਮਿਲਣੀ ਵੀ ਵਡਭਾਗੀ ਹੋਣ ਦੀ ਨਿਸ਼ਾਨੀ ਹੈ। ਤਿਨ੍ਹਾਂ ਦੇ ਲੂੰ-ਲੂੰ, ਰੋਮ ਰੋਮ ਵਿਚ ਨਾਮ ਦੀ ਸਮਾਈ ਹੋ ਗਈ ਹੁੰਦੀ ਹੈ। ਦੂਜੇ ਪਾਸੇ ਆਮ ਲੋਕਾਈ ਬੰਧਨਾਂ ਵਿਚ ਫਸੀ ਹਉਮੈ ਦਾ ਸ਼ਿਕਾਰ ਹੋਈ ਪਈ ਹੈ। ਤੇ ਕਈ ਅਭਾਗੀਆਂ ਰੂਹਾਂ ਸੰਗਤ ਤੋਂ ਵਿਛੜ ਕੇ ਦੁਖੀ ਹੁੰਦੀਆਂ, ਅਮੋਲਕ ਰਤਨ ਜਨਮ ਨੂੰ ਕਉਡੀ ਬਦਲੇ ਗੁਆ ਰਹੀਆਂ ਨੇ।

"ਵਡਭਾਗੀ ਹਰਿ ਸੰਗਤਿ ਪਾਵਹਿ ॥ ਭਾਗਹੀਨ ਭ੍ਰਮਿ ਚੋਟਾ ਖਾਵਹਿ ॥" —ਮਾਝ ਮ: ੫ —੯੫

ਸਤਿਗੁਰੂ ਬਖਸ਼ਸ਼ ਕ੍ਰਕੇ ਸਾਡੀ ਵੀ ਗਿਣਤੀ 'ਵਡਭਾਗੀਆਂ' ਵਿਚ ਲਿਖ ਦੇਣ। ॥ ਵਾਹਿਗੁਰੂ ॥


www.AKJ.Org

# ਸੂਰਾ ਮਾਸਕ ਪਤਰ ਨੂੰ ਅਪ੍ਰੈਲ ਤੇ ਮਈ ਵਿਚ ਪੁਜੀ ਸਹਾਇਤਾ

| | | |
|---|---|---|
| ਸ. ਰਾਜਿੰਦਰ ਸਿੰਘ ਕਰੀਹਾ | ਆਪਣੀ ਮਾਤਾ ਦੀ ਅੰਤਮ ਅਰਦਾਸ ਸਮੇਂ | ੧੧-੦੦ |
| ਸ. ਰੇਸ਼ਮ ਸਿੰਘ ਬੁਲ੍ਹੋਂਵਾਲ | 'ਸੂਰਾ' ਦੀ ਚੜ੍ਹਦੀ ਕਲਾ ਲਈ | ੫੦-੦੦ |
| ਸ. ਜਸਵਿੰਦਰ ਸਿੰਘ ਹਰਮਹਿੰਦਰ ਸਿੰਘ, ਮੋਗਾ | " " " | ੨੦-੦੦ |
| ਸ. ਸਾਵਨ ਸਿੰਘ ਚੰਡੀਗੜ੍ਹ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਸ. ਹੁਕਮ ਸਿੰਘ ਡਰੋਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੫੦-੦੦ |
| ਸ ਨਿਰਮਲ ਸਿੰਘ ਅੰਮ੍ਰਿਤਸਰ | ਬੱਚੀ ਦੇ ਅਨੰਦ ਸਮਾਗਮ ਸਮੇਂ | ੧੦੧-੦੦ |
| ਸ. ਹਰਦਰਸ਼ਨ ਸਿੰਘ ਦਿਲੀ | ਬੱਚੇ ਦੇ ਅਨੰਦ ਸਮਾਗਮ ਸਮੇਂ | ੧੦੧-੦੦ |
| ਸ. ਬਲਦੇਵ ਸਿੰਘ ਕਲਕੱਤਾ | 'ਸੂਰਾ' ਦੀ ਚੜ੍ਹਦੀ ਕਲਾ ਲਈ | ੫੦-੦੦ |
| ਕੈਪਟਨ ਬਲਵੰਤ ਸਿੰਘ ਨਵੀਂ ਦਿਲੀ | ਸੁਪਤਨੀ ਦੀ ਸਾਲਾਨਾ ਯਾਦ ਵਿਚ | ੧੫੦-੦੦ |
| ਸ. ਦਲੀਪ ਸਿੰਘ ਡਿਗਵਾੜੀਹ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੫੧-੭੦ |
| ਸ.ਗੁਰਬਖਸ਼ ਸਿੰਘ ਕੈਰੋਂ ਮਾਤਾ ਨਰਿੰਦਰ ਕੌਰ ਸਪੁਤ੍ਰੀਬਾਊ ਮੱਲ ਸਿੰਘ ਜੀਦੀ ਯਾਦ ਵਿਚ ਸਮਾਗਮ ਦਾ ਚੜ੍ਹਾਵਾ | | ੫੦-੭੫ |
| ਸ. ਦਰਸ਼ਨ ਸਿੰਘ ਥਿੰਦ ਵਿੰਡਸਰ, ਕੈਨੇਡਾ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੫੦-੦੦ |
| ਬੇਦੀ ਪ੍ਰੀਤਮ ਸਿੰਘ ਜੀ ਅੰਮ੍ਰਿਤਸਰ | ਭੁਜੰਗੀ ਹਰਦੀਪ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੧੧-੦੦ |
| ਸ: ਹਰਬੰਸ ਸਿੰਘ ਕਾਲਾ ਕੋਟ | ਸੂਰਾ ਦੀ ਚੜ੍ਹਦੀ ਕਲਾ ਲਈ | ੧੫-੦੦ |
| ਡਾ: ਮਹਿੰਦਰ ਸਿੰਘ ਅੰਮ੍ਰਿਤਸਰ | ਚੜ੍ਹਾਵਾ ਕੀਰਤਨ ਸਮਾਗਮ | ੫੪-੪੫ |
| ਸ: ਸੋਹਨ ਸਿੰਘ ਮੋਹਨ ਸਿੰਘ ਪਿਆਰਾ ਸਿੰਘ ਕਾਨਪੁਰ | ਪਿਤਾ ਸ: ਈਸ਼ਰ ਸਿੰਘ ਜੀ ਦੀ ਅੰਤਮ ਅਰਦਾਸ ਸਮੇ | ੫੧-੦੦ |
| ਪ੍ਰੋ: ਠਾਕੁਰ ਸਿੰਘ ਅੰਮ੍ਰਿਤਸਰ | ਚੜ੍ਹਾਵਾ ਸ੍ਰੀ ਅਖੰਡਪਾਠ ਸਮਾਗਮ ਮਾਤਾ ਪਿਤਾ ਦੀ ਯਾਦ ਵਿਚ | ੬੬-੧੫ |
| ਸ: ਦਰਬਾਰਾ ਸਿੰਘ ਮਾਖਾ | ਸੂਰਾ ਦੀ ਚੜ੍ਹਦੀ ਕਲਾ ਲਈ | ੩੦-੦੦ |
| ਆਨ/ਲਫਟੈਨ ਲਖਵੰਤ ਸਿੰਘ | ਤਰੱਕੀ ਦੀ ਖੁਸ਼ੀ ਵਿਚ | ੧੧-੦੦ |
| ਸ: ਅਵਤਾਰ ਸਿੰਘ B.S.O. ਦਿੱਲੀ ਕੈਂਟ | ਸੂਰਾ ਦੀ ਚੜ੍ਹਦੀ ਕਲਾ ਲਈ | ੪੪-੦੦ |
| ਸ: ਪ੍ਰੀਤਮ ਸਿੰਘ ਸਪੁੱਤਰ ਬਾਊ ਮੱਲ ਸਿੰਘ ਜੀ | ਚੜ੍ਹਾਵਾ ਸ੍ਰੀ ਅਖੰਡਪਾਠ ਸਮਾਗਮ | ੫੧-੦੦ |
| ਸ੍ਰੀਮਤੀ ਕ੍ਰਿਸ਼ਨ ਕਾਂਤਾ ਢੱਲ ਨਵੀਂ ਦਿਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੫੦-੦੦ |
| ਸ: ਗੋਪਾਲ ਸਿੰਘ ਮਿੱਤਰ ਮਾਲਬ | ਬੱਚੀ ਅਮਰਜੀਤ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੧੧-੦੦ |

| | | | |
|---|---|---|---|
| ਸ. ਮਹਿੰਦਰ ਸਿੰਘ ਨਵੀਂ ਦਿੱਲੀ | ੫-੦੦ | ਸ. ਉਜਾਗਰ ਸਿੰਘ ਮਾਲੜੀ | ੧੦-੦੦ |
| ਸ. ਹਰਬੰਸ ਸਿੰਘ ਜਰਤੋਲੀ | ੫-੦੦ | ਭਾ. ਮਨਜੀਤ ਸਿੰਘ ਸਾਊਥਹਾਲ ਯੂ. ਕੇ. | ੧੬-੦੦ |
| ਸ. ਭੁਪਿੰਦਰ ਸਿੰਘ ਬਟਾਲਾ | ੫-੦੦ | ਭਾ. ਪਾਖਰ ਸਿੰਘ ਗ੍ਰੇਵਜ਼ੈਂਡ ਯੂ. ਕੇ. | ੪੭-੦੦ |
| ਸ. ਨਿਰੰਜਨ ਸਿੰਘ ਲੋਨਾਵਲਾ | ੧੦-੦੦ | ਸ. ਮੰਗਲ ਸਿੰਘ ਅਰਾਹ ਯੂ, ਕੇ. | ੨੫-੦੦ |
| ਸ: ਬਲਦੇਵ ਸਿੰਘ ਨਿਝਰ ਸੂਚੀ ਪਿੰਡ | ੭-੦੦ | ਸ. ਜਾਗੀਰ ਸਿੰਘ ਕੁਐਨਲ ਯੂ. ਕੇ. | ੧੬੦-੦੦ |
| ਸ: ਹਰਦੇਵ ਸਿੰਘ ਕਰੜਾ ਤਖਣ ਵਢ | ੫-੦੦ | ਸ. ਅਜੀਤ ਸਿੰਘ ਕੈਰੋਂ | ੧੦-੦੦ |

## ਸੂਰਾ ਦੇ ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੁਜੀਆਂ ਰਕਮਾਂ

ਹੇਠ ਲਿਖੇ ੨੮ ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਵਧੇ ਹੋਏ ਰੇਟਾਂ ਅਨੁਸਾਰ ਪੁਜੇ ਹਨ। ਸਭ ਦੀ ਸਾਂਝੀ ਐਫ. ਡੀ. ਬਣਵਾਈ ਗਈ ਦਾ ਨੰਬਰ ਇਹ ਹੈ-੩੪੬੬੦੦/੩੧੦/੮੩ ਮਿਤੀ ੨੩.੫.੮੩, ਰਕਮ ੧੪੦੦ ਰੁਪਏ ਹੈ। ਡਾ: ਜਸਪਾਲ ਸਿੰਘ ਮਹਿਤਾ ੩੦੫੫, ਗਿ: ਕਰਮ ਸਿੰਘ ਭੰਡਾਰੀ ੩੦੮੧, ਸਰਦਾਰਨੀ ਆਗਿਆ ਕੌਰ ੩੦੮੨ ਸ੍ਰੀਮਤੀ ਕ੍ਰਿਸ਼ਨ ਕਾਂਤਾ ਢੱਲ ੩੧੦੮, ਸ: ਇੰਦਰ ਸਿੰਘ ਭਾਟੀਆ ੩੧੪੯, ਸ: ਬਰਕਤ ਸਿੰਘ ੩੧੬੫, ਸ: ਅਮ੍ਰੀਕ ਸਿੰਘ ੩੨੦੧, ਬਾਬਾ ਸੇਵਾ ਸਿੰਘ ੩੨੪੩, ਸ: ਜਸਬੀਰ ਸਿੰਘ ੩੨੭੫, ਸ: ਸੁਜਾਨ ਸਿੰਘ ੩੩੦੯, ਸ: ਕੁਲਬੀਰ ਸਿੰਘ ੩੩੮੧, ਸ: ਬਲਦੇਵ ਸਿੰਘ ਨਿਝਰ ੩੩੯੫, ਹਵਾਲਦਾਰ ਸੋਹਣ ਸਿੰਘ ੩੪੨੭, ਸ: ਬਲਦੇਵ ਸਿੰਘ ੩੪੭੯, ਸ: ਹਰਬੰਸ ਸਿੰਘ ੩੪੬੨, ਗੁਰੂ ਨਾਨਕ V ਸੈਂਚਰੀ ਸਕੂਲ ੩੫੨੫, ਸ: ਗੁਰਦਿਤ ਸਿੰਘ ਗੁਲਾਟੀ ੩੫੭੬, ਸ: ਮਨਮੋਹਨ ਸਿੰਘ ੩੫੯੨, ਸ: ਜ਼ੋਰਾ ਸਿੰਘ ੩੬੧੭, ਸ: ਦਿਆਲ ਸਿੰਘ ੩੬੪੭, ਬੀਬੀ ਪਰਮਜੀਤ ਕੌਰ ੩੬੮੯, ਸ: ਜਰਨੈਲ ਸਿੰਘ ੩੬੯੩, ਸਿਖ ਮਿਸ਼ਨਰੀ ਕਾਰਜ ੩੭੨੫, ਸ: ਹਰਦੇਵ ਸਿੰਘ ਧਾਰਾ ੩੭੨੬, ਸ: ਇੰਦਰਜੀਤ ਸਿੰਘ ੩੭੮੧, ਭਾ: ਰਾਜਪਾਲ ਸਿੰਘ ੩੭੮੮, sgt. ਏ. ਐਸ. ਬਖਸ਼ੀ ੩੮੧੮, ਸ: ਦੁਰਲਭ ਸਿੰਘ ਬਾਹਰੀ ੩੯੧੨।



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਜਨਰਲ ਸੈਕਟਰੀ ਸੂਚਨਾ ਦਿੰਦੇ ਹਨ ਕਿ 25 ਜੂਨ ਸ਼ਨੀਵਾਰ ਰਾਤ ਨੂੰ ਗੁਰੂ ਨਾਨਕ ਸਿਖ ਟੈਂਪਲ ਪਾਰਕ ਰੋਡ HADLEY TELFORD (U. K.) ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਗੁਰਦਵਾਰਾ ਫ਼ੋਨ 0952—51734

## ਪਿੰਡ ਘਣਗਸ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਪਿੰਡ ਘਣਗਸ ਭਾ: ਧਰਮ ਸਿੰਘ ਦੇ ਗ੍ਰਿਹਿ ਵਿਖੇ ੧੮ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਪਿੰਡ ਕਾਲਸਾ (ਸੰਗਰੂਰ) ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਅਮਰਜੀਤ ਸਿੰਘ ਜੀ ਮੋਗਾ ਸੂਚਨਾ ਦਿੰਦੇ ਹਨ ਕਿ ਮਾ: ਸੁਖਦੇਵ ਸਿੰਘ ਗਿਲ ਦੇ ਗ੍ਰਿਹਿ ਪਿੰਡ ਕਲਸਾ ਵਿਖੇ ੪-੫-੬ ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਯਾਦ ਵਿਚ ਅਖੰਡ ਕੀਰਤਨ ਤੇ ਨਾਮ-ਅਭਿਆਸ ਸਮਾਗਮ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ। ਇਹ ਪਿੰਡ ਰਾਏ ਕੋਟ-ਬਰਨਾਲਾ ਰੋਡ ਤੇ ਦੱਦਾ ਹੂਰ ਤੋਂ ਦੋ ਕਿਲੋ ਮੀਟਰ ਹੈ।

## ਬਰਨਾਲਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਕੀਰਤਨ ਸਮਾਗਮ

ਭਾਈ ਅਮਰਜੀਤ ਸਿੰਘ ਜੀ ਮੋਗਾ ਸੂਚਨਾ ਦਿੰਦੇ ਹਨ ਕਿ ੧੮ ਤੋਂ ੨੦ ਜੂਨ ਤਕ ਬਰਨਾਲੇ ਵਿਖੇ ਅਖੰਡ ਕੀਰਤਨ ਤੇ ਨਾਮ ਅਭਿਆਸ ਸਮਾਗਮ ਹੋ ਰਹੇ ਹਨ। ਸੰਗਤਾਂ ਲਾਹੇ ਪ੍ਰਾਪਤ ਕਰਨ।

## ਗੁਰਦਵਾਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

ਪਿਛਲੇ ਸਾਲਾਂ ਵਾਂਗੂ ੧੦ ਤੋਂ ੧੭ ਜੁਲਾਈ ੧੯੮੩ ਐਤਵਾਰ ਤਕ ਪ੍ਰੋਗਰਾਮ ਹੋ ਰਹੇ ਹਨ। ਸਵੇਰੇ ੨ ਵਜੇ ਇਸ਼ਨਾਨ ਤੇ ਨਿਤਨੇਮ, ਉਪਰੰਤ ਗੁਰੂ ਮਹਾਰਾਜ ਦੇ ਪ੍ਰਕਾਸ਼, ਨਾਮ ਅਭਿਆਸ, ਕੀਰਤਨ, ਕਥਾ, ਸੁਖਮਨੀ ਦੇ ਸੰਗਤੀ ਪਾਠ ਅਲਪ ਅਹਾਰ ਤੇ ਅਲਪ ਅਰਾਮ ਕਰ ਕੇ ਸੋਦਰ ਆਰਤੀ ਰਾਤ ੮ ਵਜੇ ਤਕ ਪ੍ਰੋਗਰਾਮ। ਸੰਗਤਾਂ ਲਾਹੇ ਪ੍ਰਾਪਤ ਕਰਨ।

ਨੋਟ—(੧) ਇਕਾਂਤ ਭੰਗ ਕਰਨ ਵਾਲੇ ਬੱਚੇ ਨਾ ਲਿਆਓ ਜੀ। (੨) ਅੰਮ੍ਰਿਤ-ਸਿੰਚਾਰ ੧੬ ਜੁਲਾਈ ਨੂੰ ਹੋਵੇਗਾ। (੩) ਲੋੜ ਅਨੁਸਾਰ ਬਿਸਤਰੇ ਲਿਆਓ ਜੀ। (੪) ਇਹ ਅਸਥਾਨ ਹੁਸ਼ਿਆਰਪੁਰ-ਦਸੂਹਾ ਰੋਡ ਤੇ ਹੈ।

ਦਾਸਨ ਦਾਸ—ਸੇਵਾ ਸਿੰਘ (ਮੁਖੀ) ਗੁਰਦਵਾਰਾ ਰਾਮਪੁਰ ਖੇੜਾ, ਡਾ: ਗੜ੍ਹ ਦੀਵਾਲਾਤ (ਹੁਸ਼ਿਆਰਪੁਰ)

## ਹਲਦਵਾਨੀ ਤੋਂ ਪੈਦਲ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ

ਸ੍ਰੀ ਹੇਮਕੁੰਡ ਸ਼ਬਦੀ ਜਥਾ ਹਲਦਵਾਨੀ ਵਲੋਂ ੫ ਜੂਨ ਐਤਵਾਰ ਨੂੰ ਸਵੇਰੇ ੬ ਵਜੇ ਸ੍ਰੀ ਹੇਮਕੁੰਟ ਲਈ ਪੈਦਲ ਯਾਤਰਾ ਚਲੇਗੀ ਜੋ ੨੦ ਦਿਨਾਂ ਵਿਚ ਵਾਪਸ ਹੋਵੇਗੀ। ਸਤਿਗੁਰੂ ਯਾਤਰੂਆਂ ਨੂੰ ਚੜ੍ਹਦੀਆਂ ਕਲਾ ਬਖਸ਼ਣ।

---

## ਭਾਃ ਸਾਃ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ

### ਨਾਰੰਗਵਾਲ ਵਿਖੇ ਵੀਰਵਾਰ ੭ ਜੁਲਾਈ ਸਵੇਰ ਤੋਂ ੧੦ ਜੁਲਾਈ ਐਤਵਾਰ ਸਵੇਰ ਤਕ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੬ਵਾਂ ਜਨਮ-ਦਿਵਸ ਸਮਾਗਮ, ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਇਲਾਕੇ ਦੀਆਂ ਸੰਗਤਾਂ ਅਤੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ—

੭ ਜੁਲਾਈ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ, ਸ਼ਾਮ ੭ ਤੋਂ ੯ ਸੋਦਰ ਦੀ ਚੌਕੀ। ੮ ਜੁਲਾਈ ਸਵੇਰੇ ੪ ਤੋਂ ੧੧ ਕੀਰਤਨ ਆਸਾ ਦੀ ਵਾਰ, ਸ਼ਾਮ ੭ ਤੋਂ ੯ ਸੋਦਰ ਦੀ ਚੌਕੀ। ੯ ਜੁਲਾਈ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੧ ਵਜੇ ਤਕ ਅਖੰਡ ਕੀਰਤਨ, ਸ਼ਾਮ ੫ ਵਜੇ ਅੰਮ੍ਰਿਤ-ਸਿੰਚਾਰ ਅਰੰਭ, ਰਾਤ ੮ ਵਜੇ ਕੀਰਤਨ ਰੈਣ ਸਬਾਈ ਅਰੰਭ, ੧੦ ਜੁਲਾਈ ਸਵੇਰੇ ੬ ਵਜੇ ਸਮਾਪਤੀ।

ਸਾਰਾ ਸਮਾਗਮ ਗੁਰਦਵਾਰਾ ਅਕਾਲੀ ਵਾਲਾ ਵਿਖੇ, ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ। ਨਾਰੰਗਵਾਲ ਲਈ ਲੁਧਿਆਣਾ ਬੱਸ-ਅੱਡੇ ਤੋਂ ੧੪ ਨੰਬਰ ਤੋਂ ਬਸਾਂ ਮਿਲਦੀਆਂ ਹਨ।

ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲ੍ਹਾ [illegible] ਤੇ ਸੰਗਤ ਪਿੰਡ ਨਾਰੰਗਵਾਲ (ਲੁਧਿਆਣਾ)

www.AKJ.org

# ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ ਹੁਸ਼ਿਆਰਪੁਰ

## ੧੦ ਜੂਨ ਸ਼ੁਕਰਵਾਰ ਤੋਂ ੧੫ ਜੂਨ ੧੯੮੩ ਬੁਧਵਾਰ ਸਵੇਰੇ ਤਕ

ਹਰ ਸਾਲ ਵਾਂਗ ਸ਼ਹੀਦਾਂ ਦੇ ਸਿਰਤਾਜ ਸਤਿਗੁਰੂ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਗੁਰਦਵਾਰਾ ਕਲਗੀਧਰ ਚਰਨ ਪਾਵਨ ਹੁਸ਼ਿਆਰਪੁਰ ਵਿਖੇ ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਗੁਰਮੁਖ ਪਿਆਰੇ ਆਇ ਦੀਦਾਰ ਬਖਸ਼ੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ! ਪ੍ਰੋਗਰਾਮ ਇਉਂ ਹੈ—

੧੦ ਜੂਨ ਸਵੇਰੇ ੫ ਤੋਂ ੮—ਕੀਰਤਨ ਆਸਾ ਦੀ ਵਾਰ, ਗ੍ਰਹਿ ਭਾਈ ਦਲਜੀਤ ਸਿੰਘ, ੧੦੭-ਆਰ ਮਾਡਲ ਟਾਊਨ
ਰਾਤ ੭ ਤੋਂ ੯-੧੫ ਅਖੰਡ ਕੀਰਤਨ, ਗੁ: ਸ੍ਰੀ ਗੁਰੂ ਸਿੰਘ ਸਭਾ, ਬਹਾਦਰ ਨਗਰ

੧੧ ਜੂਨ ਸਵੇਰੇ ੫ ਤੋਂ ੮—ਕੀਰਤਨ ਆਸਾ ਦੀ ਵਾਰ, ਗੁਰਦਵਾਰਾ ਰੇਲਵੇ ਮੰਡੀ
ਰਾਤ ੭ ਤੋਂ ੯-੧੫ ਅਖੰਡ ਕੀਰਤਨ, ਗੁਰਦਵਾਰਾ ਮਹੱਲਾ ਗੋਕਲ ਨਗਰ, ਜਲੰਧਰ ਰੋਡ

੧੨ ਜੂਨ ਸਵੇਰੇ ੫ ਤੋਂ ੮—ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ, ਗੁ: ਕਲਗੀਧਰ ਚਰਨ ਪਾਵਨ
ਰਾਤ ੭ ਤੋਂ ੯-੧੫ ਅਖੰਡ ਕੀਰਤਨ, ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ

੧੩ ਜੂਨ ਸਵੇਰੇ ੭ ਤੋਂ ੧੧—ਆਸਾ ਦੀ ਵਾਰ ਤੇ ਅਖੰਡ ਕੀਰਤਨ, ਗੁ: ਭਾਈ ਜੋਗਾ ਸਿੰਘ ਜੀ, ਮਹੱਲਾ ਸ਼ੇਖਾਂ
ਰਾਤ ੭ ਤੋਂ ੯-੧੫ ਅਖੰਡ ਕੀਰਤਨ ਗੁਰਦਵਾਰਾ ਟਿੱਬਾ ਸਾਹਿਬ ਜੀ, ਸੁਭਾਸ਼ ਨਗਰ

੧੪ ਜੂਨ ਸਵੇਰੇ ੫-੩੦ ਭੋਗ ਸ੍ਰੀ ਅਖੰਡਪਾਠ, ਉਪਰੰਤ ੧ ਵਜੇ ਦੁਪਹਿਰ ਤਕ ਅਖੰਡ ਕੀਰਤਨ ਗੁ: ਕਲਗੀਧਰ ਚਰਨ ਪਾਵਨ
ਸ਼ਾਮ ੫-੦੦ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ, ਕੋਠੀ ਨੰ: ੧੦੯ ਐਲ. ਮਾਡਲ ਟਾਊਨ
ਰਾਤ ੭-੩੦ ਅਰੰਭ ਰੈਣ ਸਬਾਈ, ੧੫ ਜੂਨ ਸਵੇਰੇ ੬ ਵਜੇ ਸਮਾਪਤੀ ਗੁ: ਕਲਗੀਧਰ ਚਰਨ ਪਾਵਨ

ਨੋਟ (੧) ਰਿਹਾਇਸ਼ ਲਈ ਗੁ: ਕਲਗੀਧਰ ਚਰਨ ਪਾਵਨ ਪੁਜੋ। (੨) ਲੋੜ ਅਨੁਸਾਰ ਬਿਸਤਰੇ ਲੈ ਕੇ ਆਓ ਜੀ।
(੩) ਅਨੰਦ ਕਾਰਜ ਕਰਾਉਣ ਵਾਲੇ ਜੋੜੇ ਰੈਣ ਸਬਾਈ ਕੀਰਤਨ ਤੋਂ ਪਹਿਲਾਂ ਇਤਲਾਹ ਦੇਣ ਦੀ ਕਿਰਪਾ ਕਰਨ।
(੪) ਗੁ: ਕਲਗੀਧਰ ਚਰਨ ਪਾਵਨ ਬਸ-ਸਟੈਂਡ ਤੋਂ ਡੇਢ ਫਰਲਾਂਗ, ਰੋਸ਼ਨਆਰਾ ਗਰਾਊਂਡ ਦੇ ਨਾਲ ਹੈ।

ਪੁਛ ਗਿਛ—ਗੁਰੂ ਨਾਨਕ ਜਨਰਲ ਸਟੋਰ, ਸੇਠੀ ਸ਼ੂ ਸਟੋਰ ਬੱਸ ਅੱਡੇ ਦੇ ਸਾਹਮਣੇ। ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ, ਹੁਸ਼ਿਆਰਪੁਰ।

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

---

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ, ਸ੍ਰੀ ਅੰਮ੍ਰਿਤਸਰ

੧੯੭੮ ਵੈਸਾਖੀ ਤੋਂ ਅਜ ਤਕ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੮ ਜੂਨ ਸ਼ਨੀਵਾਰ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਅਸਥਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

## ਗੁਰਦਾਸਪੁਰ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਦਾਸ ਦੇ ਨਿਵਾਸ-ਅਸਥਾਨ ਤੇ ੧੧ ਜੂਨ ਸ਼ਨੀਵਾਰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੀ ਸਮਾਪਤੀ ਹੋ ਕੇ ਦੁਪਹਿਰ ਤਕ ਕੀਰਤਨ ਹੋਣਗੇ ਅਤੇ ਫਿਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਾਹਿਬ ਦੇ ਗੁਣ ਗਾਵਣ ਲਈ ਆਇ ਦੀਦਾਰ ਬਖਸ਼ੋ ਜੀ।

ਦਾਸਰਾ—ਗਿ: ਹਜ਼ਾਰਾ ਸਿੰਘ ਡੀ.ਐਸ.ਪੀ. (ਰੀ:) ਨੇੜੇ ਚਰਚ, ਸਿਵਲ ਲਾਈਨ, ਗੁਰਦਾਸਪੁਰ

---

## ਗੁਰਦਵਾਰਾ ਕਿਲ੍ਹਾ ਲੋਹਗੜ੍ਹ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਅੰਮ੍ਰਿਤ-ਕੀਰਤਨ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੰਮਤ ੧੬੮੫ ਦੇ ਜੇਠ ਮਹੀ[illegible] ਸ਼ਾਹੀ ਸੈਨਾ ਨਾਲ ਪਹਿਲੀ ਜੰਗ ਲੜਨੀ ਪਈ, ਜੋ ਕਿਲ੍ਹਾ ਲੋਹਗੜ੍ਹ ਦੇ ਅਸਥਾਨ ਤੇ ਲੜੀ ਅਤੇ ਜਿਤੀ ਗਈ। ਇਸ ਇਤਿਹਾਸਕ ਯਾਦ ਵਿਚ ੫ ਜੂਨ ੧੯੮੩ ਐਤਵਾਰ ਸਵੇਰੇ ੫-੩੦ ਤੋਂ ੧੧ ਤਕ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ।

www.AKJ.Org